ਨੌਜਵਾਨਾਂ ਨੂੰ ਕੰਪਨੀਆਂ ਸਿੱਧਾ ਰੁਜ਼ਗਾਰ ਦੇਣਗੀਆਂ: ਭਗਵੰਤ ਮਾਨ

'ਹੁਨਰ ਪੰਜਾਬ' ਅਤੇ 'ਫਾਸਟ ਟਰੈਕ ਪੰਜਾਬ' ਪੋਰਟਲ ਲਾਂਚ; ਨਿਵੇਸ਼ਕਾਂ ਨੂੰ ਸਿੰਗਲ ਵਿੰਡੋ ਰਾਹੀਂ ਸਾਰੀਆਂ ਮਨਜ਼ੂਰੀਆਂ ਮਿਲਣਗੀਆਂ

ਆਤਿਸ਼ ਗੁਪਤਾ

ਚੰਡੀਗੜ੍ਹ, 8 ਅਕਤੂਬਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ 'ਹੁਨਰ ਪੰਜਾਬ' ਅਤੇ 'ਫਾਸਟ-ਟਰੈਕ ਪੰਜਾਬ' ਪੋਰਟਲ ਲਾਂਚ ਕਰਦਿਆਂ ਕਿਹਾ ਕਿ 'ਹੁਨਰ ਪੰਜਾਬ' ਪੋਰਟਲ ਤਹਿਤ ਕੰਪਨੀਆਂ ਹੁਣ ਹੁਨਰਮੰਦ ਨੌਜਵਾਨਾਂ ਨੂੰ ਸਿੱਧਾ ਰੁਜ਼ਗਾਰ ਦੇ ਸਕਣਗੀਆਂ ਅਤੇ 'ਫਾਸਟ ਟਰੈਕ ਪੰਜਾਬ ਪੋਰਟਲ' ਰਾਹੀਂ ਨਿਵੇਸ਼ਕਾਂ ਨੂੰ ਸਿੰਗਲ ਵਿੰਡੋ ਰਾਹੀਂ 45 ਦਿਨਾਂ ਅੰਦਰ ਸਾਰੀਆਂ ਮਨਜ਼ੂਰੀਆਂ ਦਿੱਤੀਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ 'ਚ 1.89 ਲੱਖ ਕਰੋੜ ਰੁਪਏ ਦਾ ਨਿਵੇਸ਼ ਆਇਆ ਹੈ, ਜਿਸ ਨਾਲ 6.31 ਲੱਖ ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਹੁਨਰ ਪੰਜਾਬ' ਅਤੇ 'ਫਾਸਟ-ਟਰੈਕ ਪੰਜਾਬ' ਪੋਰਟਲ ਲਾਂਚ ਕਰਦੇ ਹੋਏ।

'ਹੁਨਰ ਪੰਜਾਬ' ਪੋਰਟਲ ਨਾਲ ਪੰਜਾਬ ਦੀਆਂ 1,750 ਸੰਸਥਾਵਾਂ ਰਜਿਸਟਰਡ ਹੋ ਚੁੱਕੀਆਂ ਹਨ ਅਤੇ ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਦੇ ਮੌਕਿਆਂ ਲਈ ਸਥਾਨਕ ਹੁਨਰਮੰਦ ਨੌਜਵਾਨਾਂ ਨੂੰ ਤਰਜੀਹ ਦਿੱਤੀ ਜਾਵੇਗੀ। ਕੰਪਨੀਆਂ ਹੁਣ ਇਸ ਮੰਚ ਰਾਹੀਂ ਹੁਨਰਮੰਦ ਨੌਜਵਾਨਾਂ ਨਾਲ ਸਿੱਧਾ ਜੁੜ ਸਕਣਗੀਆਂ ਅਤੇ ਉਨ੍ਹਾਂ ਨੂੰ ਨੌਕਰੀ 'ਤੇ ਰੱਖ ਸਕਣਗੀਆਂ। ਇਹ ਪੰਜਾਬ ਨੌਜਵਾਨਾਂ ਦੇ ਹੁਨਰ, ਨੈੱਟਵਰਕਿੰਗ ਅਤੇ ਰੁਜ਼ਗਾਰ ਤੱਕ ਪਹੁੰਚ ਲਈ ਮੰਚ ਹੈ।

ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਸਰਕਾਰੀ ਕੰਮਕਾਜ ਵਿੱਚ ਵਧੇਰੇ ਪਾਰਦਰਸ਼ਤਾ ਲਿਆਉਣ ਲਈ ਸਾਰੇ ਵਿਭਾਗਾਂ ਵਿੱਚ ਈ-ਆਫਿਸ ਅਤੇ ਆਨਲਾਈਨ ਪ੍ਰਣਾਲੀਆਂ ਲਾਗੂ ਕਰ ਦਿੱਤੀਆਂ ਹਨ। ਇਹ ਪ੍ਰਣਾਲੀਆਂ ਬੇਲੋੜੀ ਦੇਰੀ ਨੂੰ ਘਟਾ ਰਹੀਆਂ ਹਨ ਅਤੇ ਸਰਕਾਰੀ ਪ੍ਰਕਿਰਿਆਵਾਂ ਨੂੰ ਵਧੇਰੇ ਜਵਾਬਦੇਹ ਬਣਾ ਰਹੀਆਂ ਹਨ। 'ਫਾਸਟ ਟਰੈਕ ਪੰਜਾਬ' ਪੋਰਟਲ ਰਾਹੀਂ ਅਰਜ਼ੀ ਦੇਣ ਵਾਲੇ ਨਿਵੇਸ਼ਕਾਂ ਨੂੰ 45 ਦਿਨਾਂ ਅੰਦਰ ਸਾਰੀਆਂ ਮਨਜ਼ੂਰੀਆਂ ਮਿਲ ਜਾਣਗੀਆਂ। 'ਹੁਨਰ ਪੰਜਾਬ' ਅਤੇ 'ਫਾਸਟ ਟਰੈਕ ਪੰਜਾਬ' ਪੋਰਟਲਾਂ ਦੀ ਸ਼ੁਰੂਆਤ ਪੰਜਾਬ ਦੇ ਉਦਯੋਗਿਕ ਢਾਂਚੇ ਨੂੰ ਹੋਰ ਮਜ਼ਬੂਤ ਕਰੇਗੀ।

'ਪਿਛਲੀਆਂ ਸਰਕਾਰਾਂ ਨੇ ਸਿਰਫ਼ ਨਿਵੇਸ਼ ਸੰਮੇਲਨ ਹੀ ਕਰਵਾਏ'

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਿਰਫ਼ ਨਿਵੇਸ਼ ਸੰਮੇਲਨ ਕਰਵਾਏ ਜਾਂਦੇ ਸਨ ਅਤੇ ਸਿਰਫ ਐੱਮ ਓ ਯੂ 'ਤੇ ਦਸਤਖ਼ਤ ਕਰਦੀਆਂ ਸਨ ਪਰ ਕੰਪਨੀਆਂ ਅਸਲ ਵਿੱਚ ਪੰਜਾਬ 'ਚ ਨਿਵੇਸ਼ ਨਹੀਂ ਕਰਦੀਆਂ ਸਨ। 'ਆਪ' ਸਰਕਾਰ ਦੇ ਕਾਰਜਕਾਲ ਵਿੱਚ ਕੰਪਨੀਆਂ ਵੱਡੇ ਪੱਧਰ 'ਤੇ ਨਿਵੇਸ਼ ਕਰ ਰਹੀਆਂ ਹਨ। ਪੰਜਾਬ ਵਿੱਚ ਵੱਖ-ਵੱਖ ਕੰਪਨੀਆਂ ਨੇ ਸਾਲ 2022 ਤੋਂ ਲੈ ਕੇ ਹੁਣ ਤੱਕ 1.89 ਲੱਖ ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ, ਜਿਸ ਨਾਲ 6.31 ਲੱਖ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ ਹਨ।

ਮੈਡ ਸੰਧੂ ਕਤਲ ਕੇਸ 'ਚ ਛੇ ਮੁਲਜ਼ਮ ਗ੍ਰਿਫ਼ਤਾਰ, ਗੁਜਰਾਤ ਪੁਲੀਸ ਨਾਲ ਮਿਲ ਕੇ ਸਾਂਝੀ ਮੁਹਿੰਮ ਚਲਾਈ

ਜਗਤਾਰ ਸਿੰਘ ਲਾਂਬਾ

ਅੰਮ੍ਰਿਤਸਰ, 8 ਅਕਤੂਬਰ

ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਗੁਜਰਾਤ ਪੁਲੀਸ ਨਾਲ ਸਾਂਝੀ ਮੁਹਿੰਮ ਚਲਾ ਕੇ ਸੋਸ਼ਲ ਮੀਡੀਆ ਇਨਫਲੂਐਂਸਰ ਮਧੂ ਸੂਦਨ ਸਿੰਘ ਉਰਫ਼ ਮੈਡ ਸੰਧੂ ਦਾ ਕਤਲ ਕੇਸ ਸੁਲਝਾਉਣ ਦਾ ਦਾਅਵਾ ਕਰਦਿਆਂ ਛੇ ਮੁਲਜ਼ਮ ਗ੍ਰਿਫ਼ਤਾਰ ਕੀਤੇ ਹਨ। ਮੈਡ ਸੰਧੂ ਦੀ 3 ਅਕਤੂਬਰ ਨੂੰ ਅੰਮ੍ਰਿਤਸਰ ਦੇ ਲੋਹਾਰਕਾ ਰੋਡ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਗ੍ਰਿਫ਼ਤਾਰ ਮੁਲਜ਼ਮਾਂ ਦੀ ਸ਼ਨਾਖ਼ਤ ਪਰਮਿੰਦਰ ਉਰਫ਼ ਕਾਕਾ ਵਾਸੀ ਲੋਹੀਆਂ ਖਾਸ, ਅਮਨਦੀਪ ਸਿੰਘ ਵਾਸੀ ਤਾਸ਼ਪੁਰ ਕਪੂਰਥਲਾ, ਪਰਮਵੀਰ ਸਿੰਘ ਵਾਸੀ ਲੋਹੀਆਂ ਖਾਸ, ਬਲਜਿੰਦਰ ਸਿੰਘ ਉਰਫ ਲਾਲੀ ਵਾਸੀ ਪਿੰਡ ਦਲਾਵਰਪੁਰ, ਤਰਨ ਤਾਰਨ, ਬਲਰਾਜ ਸਿੰਘ ਉਰਫ ਬੰਟੀ ਵਾਸੀ ਖਲਚੀਆਂ, ਅੰਮ੍ਰਿਤਸਰ ਦਿਹਾਤੀ ਅਤੇ ਵਿਕਾਸ ਸਿੰਘ ਵਾਸੀ ਖਲਚੀਆਂ, ਅੰਮ੍ਰਿਤਸਰ ਦਿਹਾਤੀ ਵਜੋਂ ਹੋਈ ਹੈ।

ਪੁਲੀਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਨੇ ਪੱਤਰਕਾਰ ਸੰਮੇਲਨ ਦੌਰਾਨ ਦੱਸਿਆ ਕਿ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਮੁਲਜ਼ਮਾਂ ਵਿੱਚ ਮੁੱਖ ਸ਼ੂਟਰ ਤੇ ਮੁੱਖ ਮੁਲਜ਼ਮ ਪਰਮਿੰਦਰ ਉਰਫ਼ ਕਾਕਾ ਵੀ ਸ਼ਾਮਲ ਹੈ। ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਗੁਜਰਾਤ ਪੁਲੀਸ ਨਾਲ ਸਾਂਝੇ ਅਪਰੇਸ਼ਨ ਦੌਰਾਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅੰਮ੍ਰਿਤਸਰ ਪੁਲੀਸ ਦੀ ਟੀਮ ਪਰਮਿੰਦਰ ਉਰਫ਼ ਕਾਕਾ ਨੂੰ ਰਸਮੀ ਤੌਰ 'ਤੇ ਗ੍ਰਿਫ਼ਤਾਰ ਕਰਨ ਲਈ ਗੁਜਰਾਤ ਲਈ ਰਵਾਨਾ ਹੋ ਗਈ ਹੈ। ਲੋੜੀਂਦੀਆਂ ਕਾਨੂੰਨੀ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਮੁਲਜ਼ਮ ਨੂੰ ਅਗਲੇਰੀ ਜਾਂਚ ਅਤੇ ਪੁੱਛ ਪੜਤਾਲ ਲਈ ਅੰਮ੍ਰਿਤਸਰ ਲਿਆਂਦਾ ਜਾਵੇਗਾ। ਇਸ ਸਬੰਧ ਵਿੱਚ ਪੁਲੀਸ ਨੇ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਪੁਲੀਸ ਨੇ ਮੁਲਜ਼ਮਾਂ ਦੀ ਮਦਦ ਕਰਨ ਵਾਲੇ ਮੁਲਜ਼ਮ ਨੂੰ ਕਾਬੂ ਕੀਤਾ ਸੀ, ਜਿਸ ਤੋਂ ਮੁੱਖ ਮੁਲਜ਼ਮ ਬਾਰੇ ਜਾਣਕਾਰੀ ਮਿਲੀ, ਜੋ ਗੁਜਰਾਤ ਵਿੱਚ ਲੁਕਿਆ ਹੋਇਆ ਸੀ। ਇਸ ਮਗਰੋਂ ਗੁਜਰਾਤ ਪੁਲੀਸ ਨਾਲ ਸੰਪਰਕ ਕਰਕੇ ਸਾਂਝੀ ਮੁਹਿੰਮ ਚਲਾ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਗੋਹਲ ਬ੍ਰਦਰਜ਼, ਜਿਨ੍ਹਾਂ ਦੀ ਕਦੇ ਤੂਤੀ ਬੋਲਦੀ ਸੀ

ਸੀ ਬੀ ਆਈ ਦੇ ਸ਼ਿਕੰਜੇ ਵਿੱਚ ਆਏ ਦੋਵੇਂ ਸਕੇ ਭਰਾ

ਚਰਨਜੀਤ ਭੁੱਲਰ

ਚੰਡੀਗੜ੍ਹ, 8 ਅਕਤੂਬਰ

ਪੰਜਾਬ ਦੀ ਸਿਆਸੀ ਤੇ ਜਨਤਕ ਚਰਚਾ 'ਚ ਅੱਜ ਕੱਲ੍ਹ 'ਗੋਹਲ ਬ੍ਰਦਰਜ਼' ਕੇਂਦਰ ਬਿੰਦੂ ਬਣੇ ਹੋਏ ਹਨ। ਸੀ ਬੀ ਆਈ ਵੱਲੋਂ 5 ਅਕਤੂਬਰ ਨੂੰ ਮੁੱਖ ਮੰਤਰੀ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਅਤੇ ਉਨ੍ਹਾਂ ਦੇ ਪੰਜ ਕਰੀਬੀਆਂ 'ਤੇ ਐੱਫ਼ ਆਈ ਆਰ ਦਰਜ ਕੀਤੀ ਗਈ ਹੈ, ਜਿਨ੍ਹਾਂ 'ਚ 'ਗੋਹਲ ਬ੍ਰਦਰਜ਼' ਵੀ ਸ਼ਾਮਲ ਹਨ। ਪਹਿਲੀ ਵਾਰ 'ਗੋਹਲ ਬ੍ਰਦਰਜ਼' ਦਾ ਨਾਂ ਉਸ ਵੇਲੇ ਉੱਭਰਵੇਂ ਰੂਪ 'ਚ ਸਾਹਮਣੇ ਆਇਆ ਜਦੋਂ ਈ ਡੀ ਨੇ 7 ਮਈ 2026 ਨੂੰ ਖਰੜ ਦੇ ਵੈਸਟਰਨ ਟਾਵਰ 'ਚ ਛਾਪੇਮਾਰੀ ਕੀਤੀ ਸੀ। ਨੌਵੀਂ ਮੰਜ਼ਿਲ ਤੋਂ ਹੇਠਾਂ ਸੁੱਟੇ ਨੋਟਾਂ ਦੇ ਬੈਗਾਂ ਨੇ ਇਸ ਮਾਮਲੇ ਦਾ ਮੁੱਢ ਬੰਨ੍ਹ ਦਿੱਤਾ ਸੀ।

ਨਿਤਿਨ ਗੋਹਲ ਓ ਐੱਸ ਡੀ ਰਾਜਬੀਰ ਘੁੰਮਣ ਦਾ ਜਮਾਤੀ ਰਿਹਾ ਹੈ। ਨਿਤਿਨ ਗੋਹਲ ਅਤੇ ਜਿਤਿਨ ਗੋਹਲ ਦੋਵੇਂ ਸਕੇ ਭਰਾ ਹਨ। ਨਿਤਿਨ ਗੋਹਲ ਨੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਫ਼ਤਹਿਗੜ੍ਹ ਸਾਹਿਬ ਤੋਂ ਬੀ.ਟੈੱਕ ਦੀ ਡਿਗਰੀ 2004-08 'ਚ ਕੀਤੀ ਅਤੇ ਐੱਮ.ਟੈੱਕ ਦੀ ਡਿਗਰੀ ਸ਼ਹੀਦ ਊਧਮ ਸਿੰਘ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਤੰਗੋਰੀ (ਮੁਹਾਲੀ) ਤੋਂ 2010-2013 'ਚ ਕੀਤੀ। ਉਹ ਅਗਸਤ 2008 'ਚ ਚੰਡੀਗੜ੍ਹ ਗਰੁੱਪ ਆਫ਼ ਕਾਲਜ਼ਿਜ ਨਾਲ ਬਤੌਰ ਸਹਾਇਕ ਪ੍ਰੋਫੈਸਰ ਜੁੜਿਆ।

ਸਿਆਸੀ ਉਭਾਰ ਤੋਂ ਪਹਿਲਾਂ ਉਹ ਆਈ ਟੀ ਸੈਕਟਰ 'ਚ ਕੰਮ ਕਰਦਾ ਸੀ ਅਤੇ ਉਸ ਨੇ ਮੁਹਾਲੀ 'ਚ 'ਟੈਕਲਾਈਵ ਸਲਿਊਸ਼ਨਜ਼' ਨਾਮ ਦੀ ਕੰਪਨੀ ਜਨਵਰੀ 2015 'ਚ ਸ਼ੁਰੂ ਕੀਤੀ ਜਿਸ ਦਾ ਸਾਫ਼ਟਵੇਅਰ ਡਿਵੈਲਪਮੈਂਟ ਦਾ ਖੇਤਰ ਸੀ। ਉਸ ਨੇ ਮਈ 2018 'ਚ 'ਫੋਰਟੈੱਕ ਵੈੱਬ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ' ਨਾਮ ਦੀ ਕੰਪਨੀ ਬਣਾਈ। ਉਹ ਪੰਜਾਬ ਸਰਕਾਰ ਦੇ ਪੋਰਟਲ ਬਣਾਉਣ ਲਈ ਸਹਾਇਕ ਮੈਨੇਜਰ ਵਜੋਂ ਕੰਮ ਕਰਦਾ ਸੀ। ਪੰਜਾਬ ਸਰਕਾਰ ਦੀਆਂ ਕਈ ਤਰ੍ਹਾਂ ਐਪਲੀਕੇਸ਼ਨਜ਼ ਦੀ ਟੈਸਟਿੰਗ ਦਾ ਕੰਮ ਵੀ ਕਰ ਰਿਹਾ ਸੀ। 'ਆਪ' ਸਰਕਾਰ ਬਣਨ ਮਗਰੋਂ ਜਮਾਤੀ ਹੋਣ ਦੇ ਨਾਤੇ ਰਾਜਬੀਰ ਘੁੰਮਣ ਨਾਲ ਨੇੜਤਾ ਬਣੀ। ਈ ਡੀ ਵੱਲੋਂ ਡੀ ਜੀ ਪੀ ਨੂੰ ਲਿਖੇ ਪੱਤਰਾਂ 'ਚ ਨਿਤਿਨ ਗੋਹਲ ਦੀ ਸਿਆਸੀ ਹੈਸੀਅਤ ਸਾਫ਼ ਝਲਕਦੀ ਹੈ ਕਿ ਕਿਵੇਂ ਉਹ ਪੋਸਟਿੰਗਾਂ ਅਤੇ ਤਾਇਨਾਤੀਆਂ 'ਚ ਭੂਮਿਕਾ ਨਿਭਾਉਂਦਾ ਰਿਹਾ ਹੈ। ਨਿਤਿਨ ਗੋਹਲ ਦਾ ਛੋਟਾ ਭਰਾ ਜਿਤਿਨ ਗੋਹਲ ਵੀ ਰਾਜਬੀਰ ਘੁੰਮਣ ਨਾਲ ਤਾਇਨਾਤ ਸੀ। ਜਿਤਿਨ ਗੋਹਲ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਤੋਂ ਡਿਗਰੀ ਕੀਤੀ ਹੋਈ ਹੈ। ਜਿਤਿਨ ਗੋਹਲ ਮਾਰਕਫੈੱਡ ਦੇ ਕਪੂਰਥਲਾ ਵਿਚਲੇ ਕੈਟਲ ਫੀਡ ਪਲਾਂਟ 'ਚ ਬਤੌਰ ਪ੍ਰੋਡਕਸ਼ਨ ਮੈਨੇਜਰ ਦਸੰਬਰ 2013 ਤੋਂ ਤਾਇਨਾਤ ਹੈ। ਮੌਜੂਦਾ ਸਰਕਾਰ ਦੌਰਾਨ ਮਾਰਕਫੈੱਡ 'ਚ ਜਿਤਿਨ ਗੋਹਲ ਬਹੁਤ ਪ੍ਰਭਾਵਸ਼ਾਲੀ ਚਿਹਰਾ ਰਿਹਾ। 'ਆਪ' ਸਰਕਾਰ ਨੇ ਜਿਤਿਨ ਗੋਹਲ ਨੂੰ ਤਨਖ਼ਾਹ ਦਾ ਸਭ ਤੋਂ ਉੱਚਾ ਜਨਰਲ ਮੈਨੇਜਰ ਦਾ ਗਰੇਡ ਦਿੱਤਾ ਜਦੋਂ ਕਿ ਉਹ ਪ੍ਰੋਡਕਸ਼ਨ ਮੈਨੇਜਰ ਦੇ ਅਹੁਦੇ 'ਤੇ ਤਾਇਨਾਤ ਹੈ। ਜਦੋਂ ਕਿ ਮਾਰਕਫੈੱਡ ਦੇ ਬਾਕੀ ਪੰਜ ਪਲਾਂਟਾਂ ਨੂੰ ਛੱਡ ਕੇ ਪ੍ਰੋਡਕਸ਼ਨ ਮੈਨੇਜਰ ਨੂੰ ਜਨਰਲ ਮੈਨੇਜਰ ਵਾਲਾ ਪੇਅ ਗਰੇਡ ਇਕੱਲੇ ਜਿਤਿਨ ਨੂੰ ਹੀ ਮਿਲਿਆ।

ਮਾਰਕਫੈੱਡ ਦੇ ਹਰ ਪਲਾਂਟ 'ਚ ਜਨਰਲ ਮੈਨੇਜਰ ਨੂੰ ਹੀ ਗੱਡੀ ਦੀ ਸਹੂਲਤ ਹੈ ਪ੍ਰੰਤੂ ਕਪੂਰਥਲਾ ਪਲਾਂਟ 'ਚ ਪ੍ਰੋਡਕਸ਼ਨ ਮੈਨੇਜਰ ਜਿਤਿਨ ਗੋਹਲ ਨੂੰ ਵੀ ਕਾਰ ਦੀ ਸਹੂਲਤ ਦਿੱਤੀ ਗਈ। ਚੇਤੇ ਰਹੇ ਕਿ ਕਪੂਰਥਲਾ 'ਚ ਮਾਰਕਫੈੱਡ ਦੇ ਕੈਟਲ ਫੀਡ ਪਲਾਂਟ 'ਚ ਸਬਸਿਡੀ ਵਾਲੀ ਯੂਰੀਆ ਖਾਦ ਵਰਤਣ ਦਾ ਘਪਲਾ ਹੋਇਆ ਸੀ। ਖੇਤੀ ਮਹਿਕਮੇ ਦੀ ਟੀਮ ਨੇ 17 ਜੂਨ 2026 ਨੂੰ ਚੈਕਿੰਗ ਕਰਕੇ ਇਸ ਫ਼ੈਕਟਰੀ ਚੋਂ 300 ਬੈਗ ਖੇਤੀ ਸਬਸਿਡੀ ਵਾਲਾ ਯੂਰੀਆ ਫੜਿਆ ਸੀ।

ਇਸ ਮਾਮਲੇ 'ਚ ਕਪੂਰਥਲਾ ਪਲਾਂਟ ਦੇ ਕਮਰਸ਼ੀਅਲ ਮੈਨੇਜਰ ਨੂੰ ਚਾਰਜਸ਼ੀਟ ਕੀਤਾ ਗਿਆ ਜਦੋਂ ਕਿ ਇਸ ਪਲਾਂਟ ਦੇ ਪ੍ਰੋਡਕਸ਼ਨ ਮੈਨੇਜਰ ਦਾ ਵਾਲ ਵਿੰਗਾ ਨਹੀਂ ਹੋਇਆ। ਬੇਸ਼ੱਕ 'ਗੋਹਲ ਬ੍ਰਦਰਜ਼' ਦੀ ਸਿਆਸੀ ਪੈਂਠ ਸਿਖ਼ਰਾਂ 'ਤੇ ਰਹੀ ਹੈ ਪ੍ਰੰਤੂ ਉਨ੍ਹਾਂ ਦਾ ਪਰਿਵਾਰਕ ਪਿਛੋਕੜ ਬੇਦਾਗ਼ ਰਿਹਾ ਹੈ।

ਕਾਲਜ 'ਚ ਪ੍ਰਿੰਸੀਪਲ ਸੀ 'ਗੋਹਲ ਬ੍ਰਦਰਜ਼' ਦਾ ਪਿਤਾ

ਨਿਤਿਨ ਤੇ ਜਿਤਿਨ ਗੋਹਲ ਦੇ ਪਿਤਾ ਬਿਹਾਰੀ ਲਾਲ ਗੋਹਲ ਪਹਿਲਾਂ ਨਾਭਾ ਦੇ ਸਰਕਾਰੀ ਰਿਪੁਦਮਨ ਕਾਲਜ 'ਚ ਅਰਥ ਸ਼ਾਸਤਰ ਵਿਸ਼ੇ ਦੇ ਲੈਕਚਰਾਰ ਰਹੇ ਅਤੇ ਉਸ ਮਗਰੋਂ ਵਾਈਸ ਪ੍ਰਿੰਸੀਪਲ ਵਜੋਂ ਵੀ ਕੰਮ ਕੀਤਾ। ਸੇਵਾ ਮੁਕਤੀ ਤੋਂ ਪਹਿਲਾਂ ਉਹ ਮਲੇਰਕੋਟਲਾ ਦੇ ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਸਨ। ਨਿਤਿਨ ਤੇ ਜਿਤਿਨ ਦੇ ਮਾਤਾ ਜੀ ਵੀ ਨਾਭਾ ਦੇ ਸਰਕਾਰੀ ਰਿਪੁਦਮਨ ਕਾਲਜ 'ਚ ਕੈਮਿਸਟਰੀ ਲੈਕਚਰਾਰ ਸਨ। ਪ੍ਰੋ. ਬਿਹਾਰੀ ਲਾਲ ਗੋਹਲ ਪਹਿਲਾਂ ਨਾਭਾ ਕਾਲਜ ਦੇ ਸਰਕਾਰੀ ਘਰ 'ਚ ਰਹਿੰਦੇ ਰਹੇ ਅਤੇ ਮਗਰੋਂ ਉਨ੍ਹਾਂ ਨੇ ਨਾਭਾ ਦੇ ਹੀਰਾ ਮਹਿਲ ਇਲਾਕੇ 'ਚ ਕੋਠੀ ਖ਼ਰੀਦ ਲਈ ਸੀ।

'ਆਪ' ਨੇ ਸੰਵਿਧਾਨਕ ਸੰਸਥਾਵਾਂ ਦਰਕਿਨਾਰ ਕੀਤੀਆਂ: ਜਾਖੜ

ਆਤਿਸ਼ ਗੁਪਤਾ

ਚੰਡੀਗੜ੍ਹ, 8 ਅਕਤੂਬਰ

ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਇਥੇ ਸੈਕਟਰ 33 ਸਥਿਤ ਪੰਜਾਬ ਵਿਕਾਸ ਕਮਿਸ਼ਨ (ਪੀ ਡੀ ਸੀ) ਦੇ ਦਫ਼ਤਰ ਬਾਹਰ ਧਰਨਾ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਨੇ ਸੰਵਿਧਾਨਕ ਸੰਸਥਾਵਾਂ ਨੂੰ ਦਰਕਿਨਾਰ ਕਰਕੇ ਅਤੇ ਕਾਨੂੰਨੀ ਢਾਂਚੇ ਨੂੰ ਢਹਿ-ਢੇਰੀ ਕਰਕੇ ਪੰਜਾਬ ਵਿਕਾਸ ਕਮਿਸ਼ਨ ਦੇ ਦਫ਼ਤਰ ਨੂੰ ਆਊਟਸੋਰਸ ਕਰ ਦਿੱਤਾ ਹੈ। ਇਸ ਦੇ ਨਾਲ ਹੀ ਗ਼ੈਰ ਸਰਕਾਰੀ ਤੱਤਾਂ ਰਾਹੀਂ ਸੂਬੇ ਦੀਆਂ ਸਰਕਾਰੀ ਸੰਸਥਾਵਾਂ ਨੂੰ ਲੁੱਟ ਕੇ ਕਮਜ਼ੋਰ ਕੀਤਾ ਜਾ ਰਿਹਾ। ਪੰਜਾਬ ਵਿਕਾਸ ਕਮਿਸ਼ਨ ਇਕ ਸਰਕਾਰੀ ਅਦਾਰੇ ਵਜੋਂ ਕੰਮ ਕਰਨ ਦੀ ਥਾਂ ਪੰਜਾਬ ਨੂੰ ਲੁੱਟਣ ਵਾਲਾ ਕਮਿਸ਼ਨ ਬਣ ਗਿਆ।

ਉਨ੍ਹਾਂ ਦਾਅਵਾ ਕੀਤਾ ਕਿ ਕਮਿਸ਼ਨ ਵਿੱਚ ਨਿਯੁਕਤ ਵਿਅਕਤੀਆਂ ਨੂੰ ਕੁੱਲ ਮਿਲਾ ਕੇ ਤਕਰੀਬਨ 2 ਕਰੋੜ ਰੁਪਏ ਪ੍ਰਤੀ ਮਹੀਨਾ ਤਨਖ਼ਾਹਾਂ ਦਿੱਤੀਆਂ ਜਾ ਰਹੀਆਂ ਹਨ। ਕਮਿਸ਼ਨ ਨੇ ਵੱਖ ਵੱਖ ਬਹਾਨਿਆਂ ਹੇਠ ਪੰਜਾਬ ਵਾਸੀਆਂ ਦਾ ਨਿੱਜੀ ਡਾਟਾ ਇਕੱਠਾ ਕੀਤਾ ਹੈ। ਇਸ ਦੌਰਾਨ ਵੱਡੇ ਪੱਧਰ 'ਤੇ ਨਿੱਜੀ ਜਾਣਕਾਰੀ ਇਕੱਠੀ ਕੀਤੀ ਗਈ ਹੈ, ਜਿਸ ਦੀ ਬਾਅਦ ਵਿੱਚ ਸਿਆਸੀ ਜਾਂ ਵਪਾਰਕ ਮਕਸਦਾਂ ਲਈ ਦੁਰਵਰਤੋਂ ਕੀਤੀ ਜਾ ਸਕਦੀ ਹੈ। ਕਮਿਸ਼ਨ ਵਿੱਚ ਪੰਜਾਬ ਦੀਆਂ ਸਥਾਨਕ ਸਥਿਤੀਆਂ ਨੂੰ ਸਮਝਣ ਵਾਲਾ ਇੱਕ ਵੀ ਪੰਜਾਬੀ ਮੈਂਬਰ ਨਹੀਂ ਹੈ। ਸਾਰੇ ਮੈਂਬਰ ਬਾਹਰੀ ਲੋਕ ਹਨ, ਜਿਨ੍ਹਾਂ ਵੱਲੋਂ ਪੰਜਾਬ ਦੇ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਨਾਲ ਕੋਈ ਸਲਾਹ-ਮਸ਼ਵਰਾ ਕੀਤੇ ਜਾਣ ਤੋਂ ਬਿਨਾਂ ਹੀ ਫ਼ੈਸਲੇ ਲਏ ਜਾ ਰਹੇ ਹਨ।

ਗਰਭਵਤੀ ਵੱਲੋਂ ਖ਼ੁਦਕੁਸ਼ੀ

ਸੁਨਾਮ ਊਧਮ ਸਿੰਘ ਵਾਲਾ (ਪੱਤਰ ਪ੍ਰੇਰਕ): ਪਿੰਡ ਝਾੜੋਂ ਦੀ ਗਰਭਵਤੀ ਮਹਿਲਾ ਨੇ ਘਰ ਵਿਚ ਕਥਿਤ ਫਾਹਾ ਲੈ ਲਿਆ। ਪੁਲੀਸ ਨੇ ਦੱਸਿਆ ਕਿ ਮ੍ਰਿਤਕਾ ਦੇ ਪਤੀ ਅਤੇ ਸੱਸ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪਿੰਡ ਰੋਮਾਣਾ ਦੀ 20 ਸਾਲਾ ਔਰਤ ਦਾ ਡੇਢ ਸਾਲ ਪਹਿਲਾਂ ਵਿਆਹ ਹੋਇਆ ਸੀ। ਉਹ ਗਰਭਵਤੀ ਸੀ। ਮ੍ਰਿਤਕਾ ਨੂੰ ਉਸ ਦਾ ਪਤੀ ਤੰਗ ਕਰਦਾ ਸੀ, ਜਿਸ ਕਾਰਨ ਉਸ ਨੇ ਛੱਤ ਵਾਲੇ ਪੱਖੇ ਨਾਲ ਗਲ ਫਾਹਾ ਲੈ ਲਿਆ।

ਐੱਸ ਆਈ ਆਰ: ਭਲਕੇ ਧਰਨੇ 'ਚ ਸ਼ਾਮਲ ਹੋਣਗੇ ਕਿਸਾਨ

ਚੰਡੀਗੜ੍ਹ (ਟਨਸ): ਦਿੱਲੀ 'ਚ ਵੱਖ-ਵੱਖ ਜਥੇਬੰਦੀਆਂ ਵੱਲੋਂ 10 ਅਕਤੂਬਰ ਨੂੰ ਐੱਸ ਆਈ ਆਰ ਖ਼ਿਲਾਫ਼ ਕੀਤੇ ਜਾਣ ਵਾਲੇ ਪ੍ਰਦਰਸ਼ਨ ਵਿੱਚ ਪੰਜਾਬ ਦੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸ਼ਾਮਲ ਹੋਣਗੇ। ਇਹ ਫ਼ੈਸਲਾ ਯੂਨੀਅਨ ਦੀ ਕੌਮੀ ਪੱਧਰ ਦੀ ਔਨਲਾਈਨ ਹੋਈ ਮੀਟਿੰਗ ਵਿੱਚ ਲਿਆ ਗਿਆ। ਆਗੂਆਂ ਨੇ ਕਿਹਾ ਕਿ ਐੱਸ ਆਈ ਆਰ ਦੇ ਨਾਂ ਹੇਠ ਆਮ ਨਾਗਰਿਕਾਂ, ਖ਼ਾਸ ਕਰਕੇ ਗ਼ਰੀਬਾਂ, ਮਜ਼ਦੂਰਾਂ, ਕਿਸਾਨਾਂ, ਔਰਤਾਂ, ਪਰਵਾਸੀ ਮਜ਼ਦੂਰਾਂ ਅਤੇ ਸਮਾਜ ਦੇ ਵਾਂਝੇ ਤਬਕਿਆਂ ਨੂੰ ਵੋਟ ਦੇ ਅਧਿਕਾਰ ਤੋਂ ਬਾਹਰ ਕਰਨ ਦੀ ਕਿਸੇ ਵੀ ਕੋਸ਼ਿਸ਼ ਦਾ ਵਿਰੋਧ ਕੀਤਾ ਜਾਵੇਗਾ।

ਮਹਾਨ ਅਦਾਕਾਰ ਨੂੰ ਸ਼ਰਧਾਂਜਲੀ !

ਪਰਗਟ ਸਿੰਘ ਤੇ ਪਾਇਲਟ ਦਰਬਾਰ ਸਾਹਿਬ ਨਤਮਸਤਕ

ਨਵੀਂ ਪਾਰੀ ਲਈ ਆਸ਼ੀਰਵਾਦ ਲਿਆ; ਕਾਂਗਰਸ ਪੰਜਾਬ 'ਚ ਸਰਕਾਰ ਬਣਾਏਗੀ: ਪਾਇਲਟ

ਅੰਮ੍ਰਿਤਸਰ 'ਚ ਗਿਆਨੀ ਟੀ-ਸਟਾਲ 'ਤੇ ਚਾਹ ਦੀਆਂ ਚੁਸਕੀਆਂ ਲੈਂਦੇ ਹੋਏ ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ, ਸਚਿਨ ਪਾਇਲਟ ਤੇ ਹੋਰ। -ਫੋਟੋ: ਪੰਜਾਬੀ ਟ੍ਰਿਬਿਊਨ

ਨਿੱਜੀ ਪੱਤਰ ਪ੍ਰੇਰਕ

ਅੰਮ੍ਰਿਤਸਰ, 8 ਅਕਤੂਬਰ

ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਪਰਗਟ ਸਿੰਘ ਨੇ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨਾਲ ਅੱਜ ਇਥੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ਼ੁਕਰਾਨਾ ਕਰਦਿਆਂ ਨਵੀਂ ਜ਼ਿੰਮੇਵਾਰੀ ਲਈ ਅਸ਼ੀਰਵਾਦ ਲਿਆ। ਉਹ ਇਸ ਤੋਂ ਇਲਾਵਾ ਹੋਰ ਧਰਮ ਅਸਥਾਨਾਂ ਤੇ ਵੀ ਨਤਮਸਤਕ ਹੋਣ ਵਾਸਤੇ ਗਏ। ਇਸ ਦੌਰਾਨ ਕਾਂਗਰਸ ਦੀ ਵਧੇਰੇ ਲੀਡਰਸ਼ਿਪ ਉਨ੍ਹਾਂ ਦੇ ਨਾਲ ਦਿਖਾਈ ਦਿੱਤੀ ਜਿਨ੍ਹਾਂ ਨੇ ਨਵੀਂ ਲੀਡਰਸ਼ਿਪ ਨਾਲ ਇੱਕਜੁੱਟਤਾ ਦਾ ਸੰਕੇਤ ਦਿੱਤਾ।

ਇਸ ਮੌਕੇ ਖਾਸ ਗੱਲ ਇਹ ਰਹੀ ਕਿ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਏਅਰਪੋਰਟ ਤੋਂ ਖੁਦ ਗੱਡੀ ਚਲਾ ਕੇ ਪੂਰੇ ਦੌਰੇ ਦੌਰਾਨ ਉਨ੍ਹਾਂ (ਪਰਗਟ ਸਿੰਘ) ਦੇ ਨਾਲ ਰਹੇ। ਇਸ ਫੇਰੀ ਦਾ ਮੁੱਖ ਮਕਸਦ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦੀ ਇੱਕਜੁੱਟਤਾ ਦਾ ਸੁਨੇਹਾ ਦੇਣਾ ਸੀ। ਇਸ ਮੌਕੇ ਵੱਖ-ਵੱਖ ਹਲਕਿਆਂ ਤੋਂ ਕਈ ਸੀਨੀਅਰ ਆਗੂ, ਮੌਜੂਦਾ ਤੇ ਸਾਬਕਾ ਵਿਧਾਇਕ, ਸਾਬਕਾ ਮੰਤਰੀ ਅਤੇ ਪਾਰਟੀ ਵਰਕਰ ਉਨ੍ਹਾਂ ਦੇ ਨਾਲ ਸਨ ਪਰ ਇਸ ਦੌਰਾਨ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਇਸ ਮੌਕੇ ਗੈਰ-ਹਾਜ਼ਰ ਰਹੇ, ਜਿਨ੍ਹਾਂ ਬਾਰੇ ਪਤਾ ਲੱਗਾ ਕਿ ਉਹ ਉਹ ਦਿੱਲੀ ਵਿੱਚ ਰਾਹੁਲ ਗਾਂਧੀ ਦੀ ਅਗਵਾਈ ਹੇਠ ਦਿੱਤੇ ਜਾ ਰਹੇ ਧਰਨੇ ਵਿੱਚ ਸ਼ਾਮਲ ਸਨ। ਪੰਜਾਬ ਕਾਂਗਰਸ ਦਾ ਪ੍ਰਧਾਨ ਨਿਯੁਕਤ ਹੋਣ ਤੋਂ ਬਾਅਦ ਪਰਗਟ ਸਿੰਘ ਦਿੱਲੀ ਤੋਂ ਸਿੱਧੇ ਅੰਮ੍ਰਿਤਸਰ ਪਹੁੰਚੇ ਸਨ। ਇਸ ਮੌਕੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੀ ਮੌਜੂਦ ਸਨ। ਹਵਾਈ ਅੱਡੇ 'ਤੇ ਉਨ੍ਹਾਂ ਦਾ ਢੋਲ ਢਮੱਕੇ ਨਾਲ ਸਵਾਗਤ ਕੀਤਾ ਗਿਆ। ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਪਰਗਟ ਸਿੰਘ ਨੇ ਹਰਿਮੰਦਰ ਸਾਹਿਬ ਵਿਖੇ ਕੋਈ ਵੀ ਸਿਆਸੀ ਗੱਲ ਕਰਨ ਤੋਂ ਗੁਰੇਜ਼ ਕੀਤਾ ਅਤੇ ਆਖਿਆ ਕਿ ਉਹ ਇੱਕ ਦੋ ਦਿਨਾਂ ਬਾਅਦ ਖੁੱਲ੍ਹ ਕੇ ਸਿਆਸੀ ਗੱਲਾਂ ਕਰਨਗੇ। ਉਨ੍ਹਾਂ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ ਤੇ ਸੇਂਟ ਪਾਲ ਚਰਚ ਅਤੇ ਇਤਿਹਾਸਿਕ ਰਾਮ ਤੀਰਥ ਮੰਦਰ ਵਿਖੇ ਵੀ ਗਏ।

ਇਸੇ ਦੌਰਾਨ ਉਨ੍ਹਾਂ ਅੰਮ੍ਰਿਤਸਰ ਦੀ ਮਸ਼ਹੂਰ ਗਿਆਨੀ ਟੀ ਸਟਾਲ 'ਤੇ ਚਾਹ ਦੀਆਂ ਚੁਸਕੀਆਂ ਵੀ ਲਈਆਂ। ਇਸ ਮੌਕੇ ਸਚਿਨ ਪਾਇਲਟ ਨੇ ਆਸ ਪ੍ਰਗਟਾਈ ਕਿ ਆਉਣ ਵਾਲੇ ਸਾਲ ਪੰਜਾਬ ਅਤੇ ਨੌਜਵਾਨ ਪੀੜ੍ਹੀ ਲਈ ਬਿਹਤਰ ਭਵਿੱਖ ਲੈ ਕੇ ਆਉਣਗੇ। ਉਨ੍ਹਾਂ ਦਾਅਵਾ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਇੱਕਜੁੱਟ ਹੋ ਕੇ ਲੜੇਗੀ ਅਤੇ ਬਹੁਮਤ ਹਾਸਲ ਕਰਕੇ ਪੰਜਾਬ ਵਿੱਚ ਸਰਕਾਰ ਬਣਾਏਗੀ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਸੂਰਜ ਸਿੰਘ ਠਾਕੁਰ ਸਣੇ ਵੱਡੀ ਗਿਣਤੀ ਵਿੱਚ ਸਾਬਕਾ ਤੇ ਮੌਜੂਦਾ ਵਿਧਾਇਕ, ਸਾਬਕਾ ਮੰਤਰੀ, ਕਾਂਗਰਸੀ ਆਗੂ ਤੇ ਵਰਕਰ ਤੇ ਸਮਰਥਕ ਹਾਜ਼ਰ ਸਨ।

ਇੰਡਸਇੰਡ ਬੈਂਕ ਲਿਮਟਿਡ

ਰਜਿਸਟਰਡ ਦਫਤਰ: ਪੀਐਨਏ ਹਾਊਸ, ਫਸਟ ਫਲੋਰ, 57 ਤੇ 57/1, ਐਮਆਈਡੀਸੀ, ਅੰਧੇਰੀ (ਪੂਰਬੀ) ਮੁੰਬਈ-400093
ਵੈੱਬਸਾਈਟ: www.indusind.com

ਨਿਯਮ 9(1) ਦੇ ਤਹਿਤ ਅੰਤਿਕਾ IV-ਏ [ਨਿਯਮ 8(6) ਦਾ ਪ੍ਰਾਵਧਾਨ ਵੇਖੋ] ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਲਈ ਨੋਟਿਸ

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 (SARFAESI ACT) ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਲਾਗੂਕਰਨ ਐਕਟ, 2002 ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਤੀਸਰੀ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਅਤ ਖਾਸ ਕਰਕੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀਆਂ ਗਈਆਂ ਅਚੱਲ ਜਾਇਦਾਦਾਂ, ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀਆਂ ਗਈਆਂ ਹਨ, ਜਿਨ੍ਹਾਂ ਦਾ ਭੌਤਿਕ ਕਬਜ਼ਾ 16.12.2025 ਨੂੰ ਇੰਡਸਇੰਡ ਬੈਂਕ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ। ਕਰਜ਼ਦਾਰ ਅਤੇ ਗਾਰੰਟਰ ਤੋਂ ਸੁਰੱਖਿਅਤ ਲੈਣਦਾਰ ਪ੍ਰਤੀ ਬਕਾਇਆ ਅਤੇ ਭਵਿੱਖ ਦੇ ਵਿਆਜ, ਲਾਗਤ ਤੇ ਖਰਚਿਆਂ ਸਹਿਤ 25.09.2026 ਦੇ ਅਨੁਰੂਪ ਰੁ. 26,59,328/- ਦੀ ਵਸੂਲੀ ਲਈ ਸੁਰੱਖਿਅਤ ਜਾਇਦਾਦਾਂ ਨੂੰ 29.10.2026 ਨੂੰ "ਜਿਵੇਂ ਅਤੇ ਜਿੱਥੇ ਹੈ ਆਧਾਰ 'ਤੇ", "ਜਿਵੇਂ ਹੈ ਜੋ ਹੈ ਆਧਾਰ 'ਤੇ", ਜੋ ਵੀ ਹੋਵੇ ਆਧਾਰ 'ਤੇ ਅਤੇ "ਕੋਈ ਰਿਕੋਰਸ ਬੇਸਿਸ" 'ਤੇ ਵੇਚਿਆ ਜਾਵੇਗਾ। ਰਿਜ਼ਰਵ ਕੀਮਤ ਅਤੇ ਬਿਆਨਾ ਰਕਮ ਕ੍ਰਮਵਾਰ ਹੇਠਾਂ ਦਿੱਤੀ ਗਈ ਹੈ।"

ਬੈਂਕ ਨੇ ਰਿਜ਼ਰਵ ਕੀਮਤ ਨਿਰਧਾਰਤ ਕੀਤੀ ਹੈ ਅਤੇ ਹੇਠਾਂ ਦੱਸੇ ਗਏ ਅਰਨੈਸਟ ਮਨੀ ਡਿਪਾਜ਼ਿਟ (EMD) ਨੂੰ ਸਿਰਫ "ਇੰਡਸਇੰਡ ਬੈਂਕ ਲਿਮਟਿਡ" ਦੇ ਹੱਕ ਵਿਚ IMPS/RTGS/NEFT ਰਾਹੀਂ ਜਮ੍ਹਾਂ ਕੀਤਾ ਜਾਵੇਗਾ, ਜਿਸ ਦਾ ਖਾਤਾ ਨੰਬਰ 00073564611092, IFSC: INDB0000007 ਅਤੇ ਸ਼ਾਖਾ ਪਤਾ ਨੰਬਰ 3, ਵਿਲੇਜ ਰੋਡ, ਨੂੰਗਮਬੱਕਸ, ਚੇਨਈ-600034 ਹੈ।

ਟੈਂਡਰ ਦਸਤਾਵੇਜ਼ ਜਮ੍ਹਾਂ ਕਰਨ ਤੋਂ ਪਹਿਲਾਂ ਸਫਲ ਬੋਲੀਕਰ ਨੂੰ ਵਿਕਰੀ ਮੁੱਲ ਦਾ 25% ਜਮ੍ਹਾਂ ਕਰਵਾਉਣਾ ਹੋਵੇਗਾ (ਬੋਲੀ ਦੇ ਨਾਲ ਅਦਾ ਕੀਤੀ ਗਈ 10% ਰਕਮ ਘੱਟ ਕਰਕੇ) ਖਰੀਦਦਾਰ ਨੂੰ ਬਾਕੀ 15% ਵਿਕਰੀ ਪੁਸ਼ਟੀ 'ਤੇ ਈ-ਨਿਲਾਮੀ ਦੀ ਮਿਤੀ ਨੂੰ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ ਅਦਾ ਕਰਨ ਦੀ ਲੋੜ ਹੁੰਦੀ ਹੈ। ਵਿਕਰੀ ਮੁੱਲ ਦਾ 75% ਬਕਾਇਆ ਰਕਮ ਸਰਫੇਸੀ ਐਕਟ ਦੇ ਤਹਿਤ ਵਿਚਾਰੇ ਗਏ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣੀ ਦੀ ਲੋੜ ਹੁੰਦੀ ਹੈ।

ਕਰਜ਼ਦਾਰ, ਸਹਿ-ਕਰਜ਼ਦਾਰ, ਗਾਰੰਟਰ ਦਾ ਨਾਂ ਅਤੇ ਪਤਾ	**ਸ੍ਰੀਮਤੀ ਜਾਨਕੀ ਗੁਪਤਾ (ਕਰਜ਼ਦਾਰ) ਸ੍ਰੀ ਮੋਹਨ (ਸਹਿ-ਕਰਜ਼ਦਾਰ)** ਮਕਾਨ ਨੰ. BXXIX 212/27/885/50, ਗਲੀ ਨੰ. 5 ਨਿਊ ਅੰਬੇਡਕਰ ਨਗਰ, ਲੁਧਿਆਣਾ, ਪੰਜਾਬ-141016 ਨਾਲ ਹੀ ਇਥੇ: ਮੋਹਨ ਕਰਿਆਨਾ ਸਟੋਰ, ਗਲੀ ਨੰ. 1, ਮੱਕੜ ਕਾਲੋਨੀ ਢੰਡਾਰੀ ਕਲਾਂ ਲੁਧਿਆਣਾ, ਪੰਜਾਬ-141014, ਨਾਲ ਹੀ: ਗੁਰੂ ਰਾਮਦਾਸ ਨਗਰ, ਮੱਕੜ ਕਾਲੋਨੀ ਗਲੀ ਨੰ. 1, ਸ਼ਿਵਾਜ਼ (shiwas) ਕਰਿਆਨਾ ਸਟੋਰ, ਢੰਡਾਰੀ ਕਲਾਂ ਲੁਧਿਆਣਾ, ਪੰਜਾਬ-141014.
ਲੋਨ ਖਾਤਾ ਨੰਬਰ	**PLE01071N**
ਰਾਖਵੀਂ ਕੀਮਤ	21,65,130/- ਰੁਪਏ (ਇੱਕੀ ਲੱਖ ਪੈਂਹਠ ਹਜ਼ਾਰ ਇਕ ਸੌ ਤੀਹ ਰੁਪਏ ਸਿਰਫ)
ਅਰਨੈਸਟ ਮਨੀ ਡਿਪਾਜ਼ਿਟ (EMD)	2,16,513/- ਰੁਪਏ (ਦੋ ਲੱਖ ਸੋਲਾਂ ਹਜ਼ਾਰ ਪੰਜ ਸੌ ਤੇਰਾਂ ਰੁਪਏ ਸਿਰਫ)
ਈ-ਨਿਲਾਮੀ ਦੀ ਮਿਤੀ ਅਤੇ ਸਮਾਂ	29.10.2026, ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ
ਈਐਮਡੀ ਦੇ ਨਾਲ-ਨਾਲ ਬੋਲੀ ਜਮ੍ਹਾਂ ਕਰਨ ਦੀ ਅੰਤਿਮ ਮਿਤੀ	28.10.2026, ਸ਼ਾਮ 4.00 ਵਜੇ ਤੱਕ
ਘੱਟੋ-ਘੱਟ ਬੋਲੀ ਵਾਧਾ ਰਕਮ	10,000/- ਰੁਪਏ (ਸਿਰਫ ਦਸ ਹਜ਼ਾਰ ਰੁਪਏ)
ਪ੍ਰਾਪਰਟੀ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ	17.10.2026 ਸਵੇਰੇ 11.00 ਵਜੇ ਤੋਂ ਦੁਪਹਿਰ 01.00 ਵਜੇ ਤੱਕ (ਪਹਿਲਾਂ ਸਮਾਂ ਲੈ ਕੇ)
ਈ-ਨਿਲਾਮੀ ਵੈੱਬਸਾਈਟ ਪਤਾ	**https://www.bankeauctions.com**
ਅਚੱਲ ਜਾਇਦਾਦ/ਸੁਰੱਖਿਅਤ ਸੰਪਤੀ ਦਾ ਵੇਰਵਾ	ਜਾਇਦਾਦ ਦਾ ਸਾਰਾ ਹਿੱਸਾ, ਮਕਾਨ ਐਮ.ਸੀ. ਨੰਬਰ ਬੀ-29-212/27/885/50 ਮਾਪ 135 ਵਰਗ ਗਜ਼ ਖਸਰਾ ਨੰ. 968/1/2, 972/1, 972/2, 970/2, ਖਾਤਾ ਨੰਬਰ 198/226, 869/337, 303/1061, 485/565 ਸਾਲ 2009-2010 ਲਈ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹੈ, ਪਿੰਡ ਲੋਹਾਰਾ ਐਚ.ਬੀ. ਨੰਬਰ 260 ਆਬਾਦੀ ਨਿਊ ਅੰਬੇਡਕਰ ਨਗਰ/ਆਮ ਕਾਲੋਨੀ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141003 ਵਿਚ ਸਥਿਤ ਹੈ। ਜਿਸ ਦੀ ਮਾਲਕੀ ਸ੍ਰੀਮਤੀ ਜਾਨਕੀ ਗੁਪਤਾ ਦੀ ਹੈ, ਸੇਲ ਡੀਡ ਵਸੀਕਾ ਨੰਬਰ 2103 ਮਿਤੀ 01.06.2017 ਦੇ ਤਹਿਤ।"

ਸ਼ਰਤਾਂ ਅਤੇ ਪ੍ਰਤੀਬੰਧ 1. ਈ-ਨਿਲਾਮੀ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਹੈ" ਆਧਾਰ 'ਤੇ ਕੀਤੀ ਜਾ ਰਹੀ ਹੈ ਅਤੇ ਇਹ "ਆਨਲਾਈਨ" ਕੀਤੀ ਜਾਵੇਗੀ। **2.** ਨਿਲਾਮੀ ਇੰਡਸਇੰਡ ਬੈਂਕ ਦੁਆਰਾ ਪ੍ਰਵਾਨਤ ਸੇਵਾਪ੍ਰਦਾਤਾ ਮੈਸਰਜ਼ ਸੀ-1, ਇੰਡੀਆ ਪ੍ਰਾਈ. ਲਿਮ. ਦੁਆਰਾ ਵੈੱਬ ਪੋਰਟਲ **www.bankeauctions.com** 'ਤੇ ਕੀਤੀ ਜਾਵੇਗੀ। **3.** ਬੋਲੀ ਦਸਤਾਵੇਜ਼, ਘੋਸ਼ਣਾ, ਆਨਲਾਈਨ ਨਿਲਾਮੀ ਵਿਕਰੀ ਦੇ ਆਮ ਨਿਯਮ ਅਤੇ ਸ਼ਰਤਾਂ ਤੇ ਸੁਰੱਖਿਅਤ ਕਰਜ਼ਦਾਰ ਦੀ ਵੈੱਬਸਾਈਟ **https://www.indusind.com** 'ਤੇ ਜਾਂ ਸੇਵਾਪ੍ਰਦਾਤਾ ਦੀ ਵੈੱਬਸਾਈਟ **https://www.bankeauctions.com** 'ਤੇ ਉਪਲੱਬਧ ਹਨ। **4.** ਅਧਿਕਾਰਤ ਅਫਸਰ ਦੀ ਜਾਣਕਾਰੀ ਅਨੁਸਾਰ, ਪ੍ਰਾਪਰਟੀਆਂ 'ਤੇ ਕੋਈ ਰਿਣ ਭਾਰ ਨਹੀਂ ਹੈ। ਹਾਲਾਂਕਿ, ਚਾਹਵਾਨ ਬੋਲੀਦਾਤਾ ਨੂੰ ਆਪਣੀ ਬੋਲੀ ਜਮ੍ਹਾਂ ਕਰਨ ਤੋਂ ਪਹਿਲਾਂ, ਨਿਲਾਮੀ 'ਤੇ ਰੱਖੀਆਂ ਗਈਆਂ ਜਾਇਦਾਦਾਂ ਦੇ ਰਿਣਭਾਰ, ਸਿਰਲੇਖ ਅਤੇ ਦਾਅਵਿਆਂ/ਅਧਿਕਾਰਾਂ/ਬਕਾਏ/ਜਾਇਦਾਦਾਂ ਨੂੰ ਪ੍ਰਭਾਵਿਤ ਕਰਨ ਵਾਲੇ ਰਿਣਭਾਰ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰਨੀ ਚਾਹੀਦੀ ਹੈ। ਇਸ ਸਬੰਧ ਵਿਚ ਈ-ਨਿਲਾਮੀ ਇਸ਼ਤਿਹਾਰ ਇੰਡਸਇੰਡ ਬੈਂਕ ਦੀ ਕਿਸੇ ਵੀ ਵਚਨਬੱਧਤਾ ਜਾਂ ਪ੍ਰਤੀਨਿਧਤਾ ਦਾ ਗਠਨ ਨਹੀਂ ਕਰਦਾ ਅਤੇ ਨਾ ਹੀ ਮੰਨਿਆ ਜਾਵੇਗਾ। **5.** ਦਿਲਚਸਪੀ ਰੱਖਣ ਵਾਲੇ ਬੋਲੀਕਾਰ, ਜਿਨ੍ਹਾਂ ਨੂੰ ਲਾਗਇਨ ਆਈ.ਡੀ., ਪਾਸਵਰਡ ਬਣਾਉਣ, ਡਾਟਾ ਅਪਲੋਡ ਕਰਨ, ਬੋਲੀ ਜਮ੍ਹਾਂ ਕਰਨ, ਈ-ਬੋਲੀ ਪ੍ਰਕਿਰਿਆ 'ਤੇ ਸਿਖਲਾਈ ਆਦਿ ਵਿਚ ਸਹਾਇਤਾ ਦੀ ਲੋੜ ਹੈ, ਉਹ ਮੈ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ, ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ-44, ਗੁੜਗਾਓਂ, 122003 ਹਰਿਆਣਾ ਨਾਲ ਸੰਪਰਕ ਕਰ ਸਕਦੇ ਹਨ। ਸਹਾਇਤਾ ਨੰਬਰ :- **7291981124, 25, 26 ਅਤੇ ਸ੍ਰੀ ਮਿਥਲੇਸ਼-7080804466** ਨਾਲ ਸੰਪਰਕ ਕਰ ਸਕਦੇ ਹਨ। ਸਹਾਇਤਾ ਈ-ਮੇਲ ਆਈਡੀ: **support@bankeauctions.com** ਅਤੇ ਜਾਇਦਾਦ ਸਬੰਧੀ ਕਿਸੇ ਵੀ ਪੁੱਛਗਿੱਛ ਲਈ ਬੈਂਕ ਅਧਿਕਾਰੀ ਸ੍ਰੀ ਅੰਕਿਤ ਬਾਵੇਜਾ-**9871532158 & ਸ੍ਰੀ ਅਤੁਲ ਗੋਇਲ-8285559659** ਨਾਲ ਸੰਪਰਕ ਕਰ ਸਕਦੇ ਹਨ। **6.** ਕਿਰਪਾ ਕਰਕੇ ਇਹ ਧਿਆਨ ਵਿਚ ਰੱਖਿਆ ਜਾਵੇ ਕਿ ਜੇਕਰ ਅੰਗਰੇਜ਼ੀ ਅਤੇ ਸਥਾਨਕ ਭਾਸ਼ਾ ਵਿਚ ਪ੍ਰਕਾਸ਼ਿਤ ਈ-ਨਿਲਾਮੀ ਨੋਟਿਸਾਂ ਵਿਚ ਕੋਈ ਅੰਤਰ/ਅਸੰਗਤਤਾ ਹੈ ਤਾਂ ਅੰਗਰੇਜ਼ੀ ਵਿਚ ਪ੍ਰਕਾਸ਼ਤ ਨੋਟਿਸ ਦੀ ਸਮੱਗਰੀ ਲਾਗੂ ਹੋਵੇਗੀ। **7.** ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰ ਕਿਸੇ ਵੀ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆਂ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ। **8.** ਵਿਕਰੀ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦੇ ਅਧੀਨ ਹੋਵੇਗੀ।

ਸਰਫੇਸੀ ਐਕਟ 2002 ਦੇ ਤਹਿਤ ਕਾਨੂੰਨੀ 15 ਦਿਨਾਂ ਦਾ ਵਿਕਰੀ ਨੋਟਿਸ

ਮਿਤੀ: 09.10.2026 **ਥਾਂ: ਪੰਜਾਬ** **ਅਧਿਕਾਰਤ ਅਫਸਰ, ਇੰਡਸਇੰਡ ਬੈਂਕ ਲਿਮ.**

ਜਾਇਦਾਦਾਂ ਦੀ ਈ-ਨਿਲਾਮੀ ਲਈ ਵਿਕਰੀ ਨੋਟਿਸ
(IBBI ਲਿਕਵੀਡੇਸ਼ਨ ਪ੍ਰਕਿਰਿਆ) ਨਿਯਮ 2016 ਦੇ ਨਾਲ ਪੜ੍ਹੇ ਜਾਣ ਵਾਲੇ ਦੀਵਾਲੀਆਪਨ ਅਤੇ ਦੀਵਾਲੀਆਪਨ ਕੋਡ, 2016 ਦੇ ਤਹਿਤ)
ਵਸਤੂ ਸੂਚੀ ਦੀ ਵਿਕਰੀ-ਲਾਟ ਨੰਬਰ 1, 2 ਅਤੇ 3

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਮੈਸਰਜ਼ ਹੀਰੋ ਇਲੈਕਟ੍ਰਿਕ ਵਹੀਕਲਜ਼ ਪ੍ਰਾਈਵੇਟ ਲਿਮਟਿਡ ("ਕਾਰਪੋਰੇਟ ਦੇਣਦਾਰ") ਜਾਂ "ਸਾਡੀ") ਇਕ ਕੰਪਨੀ ਜੋ ਦੀਵਾਲੀਆਪਨ ਅਤੇ ਦੀਵਾਲੀਆਪਣ ਕੋਡ, 2016 ("ਆਈਬੀਸੀ") ਦੇ ਤਹਿਤ ਲਿਕਵੀਡੇਸ਼ਨ ਅਧੀਨ ਹੈ, ਦੀ ਵਿਕਰੀ ਲਈ ਈ-ਨਿਲਾਮੀ ਰਾਹੀਂ "ਜਿਵੇਂ ਹੈ ਜਿੱਥੇ ਹੈ ਆਧਾਰ" 'ਤੇ "ਜਿਵੇਂ ਹੈ ਜੋ ਹੈ ਆਧਾਰ 'ਤੇ", "ਜੋ ਵੀ ਹੈ ਉੱਥੇ ਆਧਾਰ 'ਤੇ" ਅਤੇ "ਬਿਨਾਂ ਰਿਕੋਰਸ ਆਧਾਰ 'ਤੇ ਨਿਯਮ 32 ਅਤੇ ਨਿਯਮ-33 ਦੇ ਅਨੁਸਾਰ, ਜੋ ਕਿ ਆਈਬੀਬੀਆਈ (ਲਿਕਵੀਡੇਸ਼ਨ ਪ੍ਰਕਿਰਿਆ) ਨਿਯਮ 2016 ਦੇ ਅਨੁਸੂਚੀ ਦੇ ਨਾਲ ਪੜ੍ਹੇ ਜਾਂਦੇ ਹਨ, ਦੀ ਵਿਕਰੀ ਕੀਤੀ ਜਾ ਰਹੀ ਹੈ।

ਜਾਇਦਾਦ ਦੇ ਵੇਰਵੇ (ਲਾਟ)

ਲਾਟ ਨੰ.	ਲਾਟ ਨੰ. 1	ਲਾਟ ਨੰ. 2	ਲਾਟ ਨੰ. 3
ਸੰਪਤੀ ਦਾ ਵੇਰਵਾ	ਓਐਨਐਨ ਵੇਅਰਹਾਊਸ (ਹੀਰਾਂ ਵਿਖੇ ਵਸਤੂ ਸੂਚੀ	ਧਵਨ ਮਿੱਲਜ਼ (ਲੱਖੋਵਾਲ) ਵਿਖੇ ਵਸਤੂ ਸੂਚੀ	ਗੌਰਵ ਸੂਦ ਮਨੂ ਸੂਦ (ਰਈਆ) ਦੀ ਵਸਤੂ ਸੂਚੀ
ਟਿਕਾਣਾ/ਪਤਾ	ਓਐਨਐਨ ਵੇਅਰ ਹਾਊਸ ਪਿੰਡ ਹੀਰਾਂ ਚੰਡੀਗੜ੍ਹ ਰੋਡ ਲੁਧਿਆਣਾ	ਧਵਨ ਮਿੱਲ ਪਿੰਡ ਲੱਖੋਵਾਲ, ਮਾਛੀਵਾੜਾ ਰੋਡ, ਲੁਧਿਆਣਾ	ਗੌਰਵ ਸੂਦ ਮਨੂ ਸੂਦ, ਪਿੰਡ ਹੀਰਾਂ ਰਈਆ ਰੋਡ ਚੰਡੀਗੜ੍ਹ ਰੋਡ, ਲੁਧਿਆਣਾ
ਵਿਕਰੀ ਦਾ ਆਧਾਰ	"ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", "ਜੋ ਕੁਝ ਹੈ ਉੱਥੇ ਹੈ" ਅਤੇ "ਬਿਨਾਂ ਰਿਕੋਰਸ" ਦੇ ਆਧਾਰ 'ਤੇ	"ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", "ਜੋ ਕੁਝ ਹੈ ਉੱਥੇ ਹੈ" ਅਤੇ "ਬਿਨਾਂ ਰਿਕੋਰਸ" ਦੇ ਆਧਾਰ 'ਤੇ	"ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", "ਜੋ ਕੁਝ ਹੈ ਉੱਥੇ ਹੈ" ਅਤੇ "ਬਿਨਾਂ ਰਿਕੋਰਸ" ਦੇ ਆਧਾਰ 'ਤੇ
ਰਾਖਵੀਂ ਕੀਮਤ (ਰੁਪਏ)	3,33,68,000/- ਰੁਪਏ	4,16,06,000/- ਰੁਪਏ	5,27,92,000/- ਰੁਪਏ
ਈਐਮਡੀ (ਰਾਖਵੀਂ ਕੀਮਤ ਦਾ 10%) ਰੁਪਏ)	33,00,000/- ਰੁਪਏ	41,00,000/- ਰੁਪਏ	52,00,000/- ਰੁਪਏ
ਵਾਧਾ ਮੁੱਲ (ਰੁਪਏ)	5,00,000/- ਰੁਪਏ	5,00,000/- ਰੁਪਏ	5,00,000/- ਰੁਪਏ
ਬੋਲੀ ਅਤੇ EMD ਜਮ੍ਹਾਂ ਕਰਨ ਦੀ ਆਖਰੀ ਮਿਤੀ	ਸ਼ੁੱਕਰਵਾਰ, 16 ਅਕਤੂਬਰ, 2026	ਮੰਗਲਵਾਰ, 20 ਅਕਤੂਬਰ, 2026	ਸ਼ੁੱਕਰਵਾਰ 23 ਅਕਤੂਬਰ, 2026
ਈ-ਨਿਲਾਮੀ ਦੀ ਮਿਤੀ	ਸੋਮਵਾਰ, 19 ਅਕਤੂਬਰ, 2026	ਸ਼ੁੱਕਰਵਾਰ, 23 ਅਕਤੂਬਰ, 2026	ਸੋਮਵਾਰ 26 ਅਕਤੂਬਰ, 2026

ਲਾਗੂ ਟੈਕਸਾਂ, ਲੇਵੀਜ਼, ਡਿਊਟੀਆਂ, ਸਟੈਂਪ ਡਿਊਟੀ, ਰਜਿਸਟਰੇਸ਼ਨ ਫੀਸ, ਟਰਾਂਸਫਰ ਚਾਰਜ ਅਤੇ ਹੋਰ ਕਾਨੂੰਨੀ ਬਕਾਏ ਤੋਂ ਇਲਾਵਾ, ਜੋ ਸਫਲ ਬੋਲੀਕਾਰ ਦੁਆਰਾ ਸਹਿਣ ਕੀਤੇ ਜਾਣਗੇ। ਸੰਪਤੀ ਦੇ ਸਿਰਲੇਖ, ਰਿਣਭਾਰ ਜਾਂ ਸਥਿਤੀ ਬਾਰੇ ਕੋਈ ਪ੍ਰਤੀਨਿਧਤਾ ਜਾਂ ਵਾਰੰਟੀਆਂ, ਸਪਸ਼ਟ ਜਾਂ ਅਪ੍ਰਤੱਖ ਨਹੀਂ, ਕੀਤੀਆਂ ਜਾਂਦੀਆਂ ਹਨ।

ਮੁੱਖ ਨਿਯਮ ਅਤੇ ਸ਼ਰਤਾਂ

1. ਈ-ਨਿਲਾਮੀ "ਜਿਵੇਂ ਹੈ ਜਿੱਥੇ ਹੈ, ਜਿਵੇਂ ਹੈ ਜੋ ਹੈ, ਜੋ ਵੀ ਹੈ ਅਤੇ ਬਿਨਾਂ ਰਿਕੋਰਸ ਦੇ ਆਧਾਰ 'ਤੇ" ਕੀਤੀ ਜਾ ਰਹੀ ਹੈ ਅਤੇ ਇਹ ਪ੍ਰਵਾਨਿਤ ਸੇਵਾਪ੍ਰਦਾਤਾ baanknet@psballiance.com ਰਾਹੀਂ ਵੈੱਬ ਪੋਰਟਲ https://ibbi.baanknet.com 'ਤੇ "ਆਨਲਾਈਨ" ਕੀਤੀ ਜਾਵੇਗੀ। ਈ-ਨਿਲਾਮੀ ਪ੍ਰਕਿਰਿਆ ਦਸਤਾਵੇਜ਼, ਜਿਸ ਵਿਚ ਈ-ਨਿਲਾਮੀ ਬੋਲੀ ਫਾਰਮ, ਬੋਲੀਕਾਰ ਦੁਆਰਾ ਹਲਫਨਾਮਾ ਅਤੇ ਘੋਸ਼ਣਾ ਸ਼ਾਮਲ ਹੈ, ਆਨਲਾਈਨ ਨਿਲਾਮੀ ਵਿਕਰੀ ਦੇ ਆਮ ਨਿਯਮ ਅਤੇ ਸ਼ਰਤਾਂ ਵੈੱਬਸਾਈਟ https://ibbi.baanknet.com/eauction-ibbi/home 'ਤੇ ਉਪਲਬਧ ਹਨ। ਦਿਲਚਸਪੀ ਰੱਖਣ ਵਾਲੇ ਬੋਲੀਕਾਰ ਰਜਿਸਟਰ ਕਰ ਸਕਦੇ ਹਨ, ਬੋਲੀ ਲਗਾ ਸਕਦੇ ਹਨ ਅਤੇ ਇਲੈਕਟ੍ਰਾਨਿਕ ਤਰੀਕਿਆਂ ਨਾਲ ਆਪਣੀ ਬੋਲੀ ਦੀ ਪੁਸ਼ਟੀ ਪ੍ਰਾਪਤ ਕਰ ਸਕਦੇ ਹਨ। ਵਾਧੂ ਜਾਣਕਾਰੀ ਲਈ ਬੇਨਤੀ, ਜੇਕਰ ਕੋਈ ਹੈ ਤਾਂ ਬਿਨੈਕਾਰ ਦੀ ਪਛਾਣ ਦਿੰਦੇ ਹੋਏ ਈਮੇਲ ਆਈਡੀ: cirp.hev@gmail.com 'ਤੇ ਭੇਜੀ ਜਾ ਸਕਦੀ ਹੈ। ਬੋਲੀਕਾਰਾਂ ਅਤੇ FAQ ਲਈ ਈ-ਨਿਲਾਮੀ ਗਾਈਡ www.ibbi.gov.in 'ਤੇ ਉਪਲਬਧ ਹੈ ਜਿਸ ਨੂੰ ਕਿਸੇ ਵੀ ਸਪਸ਼ਟੀਕਰਨ, ਸਪਸ਼ਟੀਕਰਨ ਲਈ ਰੈਫਰ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਫੋਨ ਨੰਬਰ +91-8291220220 ਜਾਂ ਸ੍ਰੀ ਵਿਵੇਕ (8393013494) ਅਤੇ ਸ੍ਰੀ ਹੇਮੰਤ (9785307952) ਈਮੇਲ ਆਈਡੀ: support.baanknet@psballiance.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।
2. ਅਰਨੈਸਟ ਮਨੀ ਡਿਪਾਜ਼ਿਟ (EMD) ਵਾਲਿਟ ਵਿਚ ਬੈਂਕਨੈੱਟ ਪਲੇਟਫਾਰਮ ਰਾਹੀਂ ਜਮ੍ਹਾਂ ਕੀਤੀ ਜਾਣੀ ਚਾਹੀਦੀ ਹੈ।
3. ਸੰਭਾਵੀ ਬੋਲੀਕਾਰਾਂ ਨੂੰ ਸਾਰੇ ਲੋੜੀਂਦੇ ਦਸਤਾਵੇਜ਼, ਜਿਸ ਵਿਚ IBC ਦੀ ਧਾਰਾ 29A ਦੇ ਤਹਿਤ ਯੋਗਤਾ ਦੀ ਘੋਸ਼ਣਾ ਸ਼ਾਮਲ ਹੈ, Baanknet ਪਲੇਟਫਾਰਮ, ਭਾਵ ibbi.baanknet.com ਰਾਹੀਂ ਜਮ੍ਹਾਂ ਕਰਵਾਉਣੇ ਚਾਹੀਦੇ ਹਨ ਅਤੇ ਜੇਕਰ ਕਿਸੇ ਵੀ ਪੜਾਅ 'ਤੇ ਅਯੋਗ ਪਾਇਆ ਜਾਂਦਾ ਹੈ ਤਾਂ ਜਮ੍ਹਾਂ ਕੀਤੀ ਗਈ EMD ਜ਼ਬਤ ਕੀਤੀ ਜਾ ਸਕਦੀ ਹੈ।

ਸਹੀ/- ਅਭਿਮਨਿਊ ਮਿੱਤਲ
ਲਿਕਵਿਡੇਟਰ, ਹੀਰੋ ਇਲੈਕਟ੍ਰਿਕ ਵਹੀਕਲਜ਼ ਪ੍ਰਾਈਵੇਟ ਲਿਮਟਿਡ
IP ਰਜਿਸਟਰੇਸ਼ਨ ਨੰਬਰ: IBBI/IPA-001/IP-P01870/2019-2020/12893
(ਅਸਾਈਨਮੈਂਟ ਲਈ ਅਧਿਕਾਰ: 31/12/2026 ਤੱਕ ਵੈਧ)
ਰਜਿਸਟਰਡ ਪਤਾ:- 29FF, ਦੀ ਵ੍ਹਾਈਟ ਹਾਊਸ, ਸੈਕਟਰ-57, ਗੁੜਗਾਓਂ, ਹਰਿਆਣਾ-122003,
ਪੱਤਰ ਵਿਹਾਰ ਦਾ ਪਤਾ: 109 (ਪਹਿਲੀ ਮੰਜ਼ਿਲ), ਸੂਰਿਆ ਕਿਰਨ ਬਿਲਡਿੰਗ 19, ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ-110001
ਰਜਿ. ਆਈਡੀ: ca.mittalabhi@gmail.com, ਪ੍ਰਕਿਰਿਆ ID: cirp.hev@gmail.com

ਮਿਤੀ: 09.10.2026
ਸਥਾਨ: ਦਿੱਲੀ

ਪੰਜਾਬ ਨੈਸ਼ਨਲ ਬੈਂਕ
..... ਤੁਹਾਡੇ ਭਰੋਸੇ ਦਾ ਪ੍ਰਤੀਕ
ਐਸਟ ਰਿਕਵਰੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ)
ਐਸਸੀਓ 60-61, ਫਸਟ ਫਲੋਰ, ਬੈਂਕ ਸੁਕੇਅਰ, ਸੈਕਟਰ-17-ਬੀ, ਚੰਡੀਗੜ੍ਹ-160017, ਈਮੇਲ: cs8214@pnb.bank.in

ਅਚੱਲ ਅਸਾਸਿਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਸੁਰੱਖਿਅਤ ਕ੍ਰੈਡਿਟਰਾਂ ਦੀ ਜਾਣਕਾਰੀ ਵਿਚ ਦੇਣਦਾਰੀ ਦਾ ਵੇਰਵਾ - ਮਾਲੂਮ ਨਹੀਂ

ਸਿਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ 2002, ਜੋ ਕਿ ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6)/9(1) ਦੇ ਉਪਬੰਧਾਂ ਦੇ ਨਾਲ ਪੜ੍ਹਿਆ ਜਾਂਦਾ ਹੈ, ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ (ਆਂ) ਅਤੇ ਗਾਰੰਟਰ (ਆਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ (ਆਂ) ਜੋ ਕਿ ਸੁਰੱਖਿਅਤ ਲੈਣਦਾਰ ਨੂੰ ਮਾਰਟਗੇਜ/ਗਿਰਵੀ/ਚਾਰਜ ਕੀਤੀ ਗਈ ਹੈ, ਜਿਸ ਦੀ ਰਚਨਾਤਮਕ/ਭੌਤਿਕ (ਜੋ ਵੀ ਲਾਗੂ ਹੋਵੇ) ਕਬਜ਼ਾ ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦਿੱਤੇ ਟੇਬਲ ਵਿਚ ਦਰਸਾਈ ਗਈ ਮਿਤੀ ਨੂੰ **"ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ"** ਅਤੇ **"ਜੋ ਵੀ ਹੈ"** ਆਧਾਰ 'ਤੇ ਵੇਚਿਆ ਜਾਵੇਗਾ ਤਾਂ ਜੋ ਹੇਠ ਦਰਸਾਏ ਕਰਜ਼ਦਾਰ/ਮੋਰਟਗੇਜਰ ਅਤੇ ਗਾਰੰਟਰਾਂ ਤੋਂ ਪੰਜਾਬ ਨੈਸ਼ਨਲ ਬੈਂਕ ਸੁਰੱਖਿਅਤ ਕ੍ਰੈਡਿਟਰ ਕੋਲ ਡਿਊ ਹੇਠ ਦਰਸਾਈ ਰਕਮ ਵਸੂਲ ਕੀਤੀ ਜਾ ਸਕੇ। ਗਿਆਤ ਰਿਣਭਾਰ, ਜੇਕਰ ਕੋਈ ਹੋਵੇ, ਸਹਿਤ ਚੱਲ/ਅਚੱਲ ਪ੍ਰਾਪਰਟੀ ਦਾ ਸੰਖੇਪ ਵੇਰਵਾ ਹੇਠ ਅਨੁਸਾਰ ਦਰਸਾਇਆ ਗਿਆ ਹੈ।

ਸੁਰੱਖਿਅਤ ਜਾਇਦਾਦ ਦੀ ਵਿਕਰੀ ਦਾ ਸ਼ੈਡਿਊਲ

ਲਾਟ ਨੰ.	ਸ਼ਾਖਾ ਦਾ ਨਾਮ ਖਾਤੇ ਦਾ ਨਾਮ ਕਰਜ਼ਦਾਰ/ਗਾਰੰਟਰਾਂ ਦੇ ਨਾਮ ਅਤੇ ਪਤੇ	ਅਚੱਲ ਗਿਰਵੀ ਰੱਖੀ ਜਾਇਦਾਦ ਦਾ ਵੇਰਵਾ ਅਤੇ ਮਾਲਕ (ਮਾਲਕਾਂ)/ ਗਿਰਵੀ ਰੱਖਣ ਵਾਲਿਆਂ ਦਾ ਨਾਮ	(ਏ) ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ (ਸੀ) ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਪ੍ਰਕਿਰਤੀ	ਰਿਜ਼ਰਵ ਕੀਮਤ ਬਿਆਨਾ ਰਕਮ ਜਮ੍ਹਾਂ (EMD) ਬੋਲੀ ਵਧਾਉਣ ਦੀ ਰਕਮ	ਈ-ਨਿਲਾਮੀ ਦੀ ਮਿਤੀ ਤੇ ਸਮਾਂ	ਸੁਰੱਖਿਅਤ ਕ੍ਰੈਡਿਟਰਜ਼ ਕੋਲ ਗਿਆਤ ਕਿਸੇ ਵੀ ਰਿਣਭਾਰ ਦਾ ਵੇਰਵਾ
1.	**ਸ਼ਾਖਾ: ਏਆਰਐਮਬੀ, ਸੈਕਟਰ 17-ਬੀ, ਚੰਡੀਗੜ੍ਹ** **ਮੈਸਰਜ਼ ਲਾਵਿਨ ਪੋਲੀਮਰਸ** **ਮੈਸਰਜ਼ ਲਾਵਿਨ ਪੋਲੀਮਰਸ**, ਰਜਿ. ਪਤਾ: ਹਾਊਸ ਨੰ. 11, ਐਮਐਸ ਐਨਕਲੇਵ ਢਕੋਲੀ, ਜ਼ੀਰਕਪੁਰ, ਨਿਰਮਾਣ ਯੂਨਿਟ: ਵੀਪੀਓ ਮਲਕਪੁਰ (ਲਾਲੜੂ) ਤਹਿਸੀਲ ਡੇਰਾਬਸੀ, **ਆਪਣੇ ਪਾਰਟਨਰਾਂ ਰਾਹੀਂ: 1. ਸ੍ਰੀ ਸ਼ੈਂਕੀ ਸਿੰਗਲਾ ਪੁੱਤਰ ਸ੍ਰੀ ਅਸ਼ੋਕ ਕੁਮਾਰ ਸਿੰਗਲਾ, 2. ਸ੍ਰੀਮਤੀ ਸੰਜਨਾ ਸ਼ਰਮਾ ਪਤਨੀ ਸ੍ਰੀ ਸ਼ੈਂਕੀ ਸਿੰਗਲਾ, 3. ਸ੍ਰੀਮਤੀ ਪ੍ਰੋਮਿਲਾ ਸਿੰਗਲਾ ਪਤਨੀ ਸ੍ਰੀ ਅਸ਼ੋਕ ਕੁਮਾਰ ਸਿੰਗਲਾ, ਰਜਿ. ਪਤਾ:** ਮ. ਨੰ. 11, ਐਮ ਐਸ ਐਨਕਲੇਵ, ਢਕੋਲੀ, ਜ਼ੀਰਕਪੁਰ-140603, **ਇੱਥੇ ਵੀ:** ਵੀਪੀਓ ਮਲਕਪੁਰ (ਲਾਲੜੂ), ਤਹਿਸੀਲ ਡੇਰਾਬਸੀ, ਐਸ ਏ ਐਸ ਨਗਰ-140501, **ਸ੍ਰੀ ਸ਼ੈਂਕੀ ਸਿੰਗਲਾ ਪੁੱਤਰ ਸ੍ਰੀ ਅਸ਼ੋਕ ਕੁਮਾਰ ਸਿੰਗਲਾ** (ਪਾਰਟਨਰ ਕਮ ਗਾਰੰਟਰ) ਮੈਸਰਜ਼ ਸ਼ੰਕਰ ਵੂਲਨ ਮਿੱਲਜ਼, ਦਿੱਲੀ ਸਨੌਲੀ ਬਾਈਪਾਸ, ਸੈਕਟਰ 25 ਦੇ ਪਿੱਛੇ, ਪਾਰਟ 2, ਹੁੱਡਾ, ਪਾਣੀਪਤ, ਹਰਿਆਣਾ ਪਿੰਨ-132103, **ਇਸ ਤੋਂ ਇਲਾਵਾ:** ਮ. ਨੰ. 11, ਐਮ ਐਸ ਐਨਕਲੇਵ, ਢਕੋਲੀ, ਜ਼ੀਰਕਪੁਰ-140603, **ਸ੍ਰੀਮਤੀ ਸੰਜਨਾ ਸ਼ਰਮਾ ਪਤਨੀ ਸ੍ਰੀ ਸ਼ੈਂਕੀ ਸਿੰਗਲਾ** (ਪਾਰਟਨਰ ਕਮ ਗਾਰੰਟਰ) ਵਾਰਡ ਨੰ. 7, ਭੁੰਤਰ ਬਾਜ਼ਾਰ ਸ਼ਿਲਿਹਾਰ (27/60), ਭੁੰਤਰ, ਕੁੱਲੂ, ਹਿਮਾਚਲ ਪ੍ਰਦੇਸ਼-175125, **ਇਸ ਤੋਂ ਇਲਾਵਾ:** ਮ. ਨੰ. 11, ਐਮ ਐਸ ਐਨਕਲੇਵ, ਢਕੋਲੀ, ਜ਼ੀਰਕਪੁਰ-140603, **ਸ੍ਰੀਮਤੀ ਪ੍ਰੋਮਿਲਾ ਸਿੰਗਲਾ ਪਤਨੀ ਸ੍ਰੀ ਅਸ਼ੋਕ ਕੁਮਾਰ ਸਿੰਗਲਾ** (ਪਾਰਟਨਰ ਕਮ ਗਾਰੰਟਰ), ਮ. ਨੰ. 11, ਐਮ ਐਸ ਐਨਕਲੇਵ, ਢਕੋਲੀ, ਜ਼ੀਰਕਪੁਰ-140603, **ਸ੍ਰੀ ਰਿੰਕੂ ਮਿੱਤਲ ਪੁੱਤਰ ਸ੍ਰੀ ਦਿਪਤੀ ਮਿੱਤਲ** (ਗਾਰੰਟਰ) ਹਾਊਸ ਨੰ. 103, ਬਲਾਕ ਬੀ, ਬਾਲਾਜੀ ਟਾਵਰਜ਼, ਕਿਸ਼ਨਪੁਰਾ, ਢਕੋਲੀ, ਜ਼ੀਰਕਪੁਰ-140603, **ਇੱਥੇ ਵੀ:** ਪਲਾਟ ਨੰਬਰ 116-117, ਬਲਿਊ ਰਿੱਜ-2, ਕੰਪਲੈਕਸ ਪੀਰ ਮੁਛੱਲਾ, 140603, **ਇੱਥੇ ਵੀ:** ਹਾਊਸ ਨੰ. 102, ਬਲਾਕ ਬੀ, ਬਾਲਾਜੀ ਟਾਵਰਜ਼, ਕਿਸ਼ਨਪੁਰਾ, ਢਕੋਲੀ, ਜ਼ੀਰਕਪੁਰ-140603	**Property ID: PUNB8214LAAVIN1234** 1. ਮਕਾਨ ਨੰ. 11, ਐਮ.ਐਸ. ਐਨਕਲੇਵ, ਵੀ.ਪੀ.ਓ ਢਕੋਲੀ, ਜਿਸ ਦਾ ਖੇਤਰਫਲ 392.50 ਵਰਗ ਗਜ਼ ਹੈ, ਐਮ.ਸੀ. ਅਤੇ ਸਬ ਤਹਿਸੀਲ ਜ਼ੀਰਕਪੁਰ, ਹੱਦਬਸਤ ਨੰ. 48, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐਸ.ਏ.ਐਸ. ਨਗਰ 38'x93'=392.50 ਵਰਗ ਗਜ਼ ਵਿਚ ਸ਼ਾਮਲ ਹੈ, ਖਾਤਾ/ਖਤੌਨੀ ਨੰਬਰ 55/56, ਖਸਰਾ ਨੰਬਰ 398 (4-0), 399 (4-0), 400 (4-0), 401 (4-0), 421 (4-0), 422(4-0), 891/423, (3-13), ਕਿੱਤੇ 7, ਕੁੱਲ ਰਕਬਾ 27 ਵਿੱਘੇ 13 ਬਿਸਵਾ, ਹਿੱਸਾ 157/11060 ਭਾਵ, 0 ਵਿੱਘੇ 7 ਬਿਸਵਾ 17 ਬਿਸਵਾਸੀ ਸਾਲ 2014-15 ਲਈ ਜਮ੍ਹਾਂਬੰਦੀ ਅਨੁਸਾਰ ਵਿਕਰੀ ਡੀਡ ਨੰ. 2000, ਮਿਤੀ 06.02.2015, ਸੰਯੁਕਤ ਸਬ ਰਜਿਸਟਰਾਰ, ਜ਼ੀਰਕਪੁਰ ਨਾਲ ਸ਼ੈਂਕੀ ਸਿੰਗਲਾ ਦੇ ਨਾਮ 'ਤੇ, ਟਰਾਂਸਫਰ ਡੀਡ 2019-20/13/1/6744, ਮਿਤੀ 25.09.2019, ਸੰਯੁਕਤ ਸਬ ਰਜਿਸਟਰਾਰ, ਜ਼ੀਰਕਪੁਰ ਦੇ ਦਫਤਰ ਵਿਚ ਰਜਿਸਟਰਡ।	13.06.2025 Rs. 12,96,86,306.28 plus further interest w.e.f. 01.06.2025 plus costs incurred, less recovery, if any 29.08.2025 SYMBOLIC POSSESSION	RP: Rs. 2,41,87,500/- EMD: Rs. 24,18,750/- Bid increase amount Rs. 3,00,000/-	30.10.2026 11:00 AM to 4:00 P.M.	SA 334/2025 is Pending before DRT-III, Chandigarh
2.	**ਸ਼ਾਖਾ: ਏਆਰਐਮਬੀ, ਸੈਕਟਰ 17-ਬੀ, ਚੰਡੀਗੜ੍ਹ** **ਮੈਸਰਜ਼ ਰੈਡਿਸਕੋ (Rdesco) ਐਗਰੋ ਫੂਡਜ਼** **ਮੈਸਰਜ਼ ਰੈਡਿਸਕੋ ਐਗਰੋ ਫੂਡਜ਼** ਆਪਣੀ ਮਾਲਕ **ਸ੍ਰੀਮਤੀ ਅਨੁਪਮ ਗਰਗ** ਰਾਹੀਂ ਰਜਿਸਟਰਡ ਆਫਿਸ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101, **ਵਰਕਸ:** ਫੋਕਲ ਪੁਆਇੰਟ ਦੇ ਸਾਹਮਣੇ, ਵੀਪੀਓ ਬੱਲੂਆਣਾ ਮਲੋਟ ਰੋਡ, ਅਬੋਹਰ (ਪੰਜਾਬ)-152117, ਸ੍ਰੀਮਤੀ ਅਨੁਪਮ ਗਰਗ (ਪ੍ਰੋਪਰਾਈਟਰ) ਵਾਸੀ ਫਲੈਟ ਨੰ. ਸੀ-42, ਚੌਥੀ ਮੰਜ਼ਿਲ, ਉੱਪਲ ਮਾਰਬਲ ਆਰਚ, ਮਨੀਮਾਜਰਾ ਚੰਡੀਗੜ੍ਹ, ਪਿੰਨ-160101, **ਸ੍ਰੀ ਰਾਮ ਦਿਆਲ ਗਰਗ ਪੁੱਤਰ ਸ੍ਰੀ ਮਨੋਹਰ ਲਾਲ (ਗਾਰੰਟਰ)** ਵਾਸੀ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101, **ਸ੍ਰੀ ਉਮੇਸ਼ ਗਰਗ ਪੁੱਤਰ ਸ੍ਰੀ ਰਾਮ ਦਿਆਲ ਗਰਗ (ਗਾਰੰਟਰ)** ਵਾਸੀ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101	**Property ID: PUNB23A25683097** **ਫੈਕਟਰੀ ਜ਼ਮੀਨ ਅਤੇ ਇਮਾਰਤ ਮਾਪ 29 ਕਨਾਲ 16 ਮਰਲੇ ਵੇਰਵਾ ਹੇਠ ਅਨੁਸਾਰ** (1) ਜ਼ਮੀਨ ਦੀ ਮਾਪ 22 ਕਨਾਲ 02 ਮਰਲੇ ਜੋ ਕਿ ਰੈਕਟ ਨੰ. 129 ਕਿੱਲਾ ਨੰ. 4/1(7-14), 7/2(7-1), 8(7-7) ਖੇਵਟ ਨੰ. 264 ਖਤੌਨੀ ਨੰ. 403 ਵਿਚ ਸ਼ਾਮਲ ਅਤੇ (2) ਖੇਵਟ ਨੰ. 958 ਵਿਚ ਸ਼ਾਮਲ 08 ਕਨਾਲ 00 ਮਰਲੇ ਦੀ ਕੁੱਲ ਜ਼ਮੀਨ ਦਾ 126/131 ਹਿੱਸਾ 07 ਕਨਾਲ 14 ਮਰਲੇ ਜ਼ਮੀਨ ਦਾ ਮਾਪ ਹੈ। ਸਾਲ 2020-21 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਬੱਲੂਆਣਾ ਤਹਿਸੀਲ ਅਬੋਹਰ ਦੀ ਮਾਲੀਆ ਅਸਟੇਟ ਦੇ ਅੰਦਰ ਸਥਿਤ, ਵਿਕਰੀ ਡੀਡ ਨੰਬਰ 4186 ਮਿਤੀ 10.09.2008 ਦੇ ਤਹਿਤ ਸ੍ਰੀਮਤੀ ਅਨੁਪਮ ਗਰਗ ਪਤਨੀ ਸ੍ਰੀ ਰਾਮ ਦਿਆਲ ਗਰਗ ਦੇ ਨਾਮ 'ਤੇ (ਐਨਈਸੀ ਮਿਤੀ 04.12.2025 ਦੇ ਅਨੁਸਾਰ ਵਿਨੋਦ ਕੁਮਾਰ ਬੇਰੀ ਦੁਆਰਾ ਜ਼ਮੀਨ ਦਾ ਰਕਬਾ 29 ਕਨਾਲ 15.89 ਮਰਲੇ)	a) Date of 13(2): 21.09.2021 b) Rs. 9,07,59,401.37 plus further interest w.e.f. 01.09.2021 plus costs incurred, less recovery, if any c) Date of 13(4): 27.01.2022 d) Nature of Possession: Physical Date: 06.08.2024	RP: Rs. 2,37,52,000/- EMD: Rs. 23,75,200/- Bid increase amount Rs. 2,50,000/-	30.10.2026 11:00 AM to 4:00 P.M.	CS No. 356/2024 titled as Gautam Sharma vs Ramesh Chander & Ors is pending before the Court of ACJ (SD) Abohar, Distt. Fazilka. DRT SA 338/2024 M/s Rdesco Agro V/s PNB at DRT 2, Chandigarh Writ petition CWP/31681/2026, M/s Rdesco Agro Vs DRT and Ors. at Punjab and Haryana High Court, Chandigarh

(ਜੀਐਸਟੀ, ਜੇਕਰ ਉਪਰੋਕਤ ਕਿਸੇ ਵੀ ਜਾਇਦਾਦ 'ਤੇ ਲਾਗੂ ਹੁੰਦਾ ਹੈ, ਤਾਂ ਇਸਦਾ ਭੁਗਤਾਨ ਸਫਲ ਬੋਲੀਦਾਤਾ ਨੂੰ ਕਰਨਾ ਪਵੇਗਾ)

ਟਿੱਪਣੀ: ਸਾਰੀ ਪ੍ਰਾਪਰਟੀ ਲਈ ਸੰਪਰਕ ਵਿਅਕਤੀ: ਪੰਜਾਬ ਨੈਸ਼ਨਲ ਬੈਂਕ
ਅਧਿਕਾਰਤ ਅਧਿਕਾਰੀ: ਸ੍ਰੀ ਨਰਿੰਦਰ ਪਾਲ ਸਿੰਘ, ਮੁੱਖ ਪ੍ਰਬੰਧਕ, ਏ ਆਰ ਐਮ ਬੀ, ਚੰਡੀਗੜ੍ਹ, ਮੋਬਾਈਲ ਨੰ: 8872042230

ਈ-ਨਿਲਾਮੀ ਵਿਕਰੀ ਦੀਆਂ ਸ਼ਰਤਾਂ ਅਤੇ ਪ੍ਰਤੀਬੰਧ: ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਵਿਚ ਵਰਣਤ ਸ਼ਰਤਾਂ ਤੇ ਪ੍ਰਤੀਬੰਧਾਂ ਅਤੇ ਨਿਮਨ ਸ਼ਰਤਾਂ ਦੇ ਉਪਰ ਆਧਾਰਤ ਹੋਵੇਗੀ। (1) ਉਕਤ ਦਰਸਾਏ ਸ਼ੈਡਿਊਲ ਵਿਚ ਵਰਣਤ ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਦੀ ਮੁਕੰਮਲ ਜਾਣਕਾਰੀ ਦੇ ਅਨੁਰੂਪ ਸਹੀ ਹਨ, ਪ੍ਰੰਤੂ ਅਧਿਕਾਰਤ ਅਫਸਰ ਦੀ ਇਸ ਉਦਘੋਸ਼ਣਾ ਵਿਚ ਕਿਸੇ ਵੀ ਤਰ੍ਹਾਂ ਦੀ ਗਲਤੀ, ਭੁੱਲ-ਚੁੱਕ ਜਾਂ ਗਲਤ ਬਿਆਨੀ ਲਈ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (2) ਅਧਿਕਾਰਤ ਅਫਸਰ ਜਾਂ ਬੈਂਕ ਪ੍ਰਾਪਰਟੀਜ਼ (ਈ-ਨਿਲਾਮੀ ਵਾਲੀ) ਦੇ ਸਬੰਧ ਵਿਚ ਸਰਕਾਰ ਜਾਂ ਕਿਸੇ ਹੋਰ ਲਈ ਬਕਾਇਆ ਕਿਸੇ ਵੀ ਬਕਾਇਆ ਰਕਮ, ਦੇਣਦਾਰੀ, ਚਾਰਜ ਜਾਂ ਲੀਅਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਇਹ ਨਿਲਾਮੀ ਦੇਣ ਵਾਲੇ ਬੋਲੀਦਾਤਾ ਦੀ ਡਿਊਟੀ ਹੋਵੇਗੀ ਕਿ ਉਹ ਬੋਲੀ ਦੇਣ ਤੋਂ ਪਹਿਲਾਂ ਹੋਰ ਵਿਧਾਨਕ ਬੰਧਨਾਂ ਵਾਲੇ ਪ੍ਰਾਪਰਟੀ ਟੈਕਸ, ਵਾਟਰ ਅਤੇ ਸੈਨੀਟੇਸ਼ਨ ਟੈਕਸ, ਬਿਜਲੀ ਬਕਾਇਆ, ਕਾਨੂੰਨੀ ਦੇਣਦਾਰੀ ਸਹਿਤ ਪ੍ਰਾਪਰਟੀ ਉਤੇ ਕਿਸੇ ਵੀ ਦੇਣਦਾਰੀ ਜਾਂ ਕਿਸੇ ਹੋਰ ਟੈਕਸ ਆਦਿ ਬਕਾਇਆ, ਜੇਕਰ ਹੋਵੇ, ਸਹਿਤ ਸਾਰੇ ਦਸਤਾਵੇਜ਼ਾਂ ਦੀ ਜਾਂਚ ਕਰਨ। (3) ਰਜਿਸਟਰੇਸ਼ਨ ਚਾਰਜਿਜ਼, ਸਟੈਂਪ ਡਿਊਟੀ ਟੈਕਸਾਂ ਆਦਿ ਸਹਿਤ ਸਾਰੇ ਵਿਧਾਨਕ ਬਕਾਇਆ/ਅਟੈਂਡੈਂਟ ਖਰਚਿਆਂ/ਹੋਰ ਬਕਾਇਆਂ ਦਾ ਭੁਗਤਾਨ ਖਰੀਦਦਾਰ ਨੂੰ ਕਰਨਾ ਪਵੇਗਾ। ਜੇਕਰ ਬੋਲੀਦਾਤਾ ਦੇ ਨਾਂ 'ਤੇ ਆਈ.ਪੀ. ਦੀ ਰਜਿਸਟਰੇਸ਼ਨ ਲਈ ਲੋੜੀਂਦੀ ਕੋਈ ਵੀ ਪ੍ਰਾਪਰਟੀ ਆਈ.ਡੀ./ਐਨ.ਓ.ਸੀ./ਕਲੀਅਰੈਂਸ/ਕੋਈ ਹੋਰ ਰਸਮ ਹੋਵੇ ਤਾਂ ਉਸ ਦਾ ਖਰਚਾ ਵੀ ਬੋਲੀਦਾਤਾ ਨੂੰ ਕਰਨਾ ਪਵੇਗਾ। ਜੇਕਰ ਆਈ.ਪੀ. ਨੂੰ ਸਿੰਬੋਲਿਕ ਕਬਜ਼ੇ 'ਤੇ ਵੇਚਿਆ ਜਾਂਦਾ ਹੈ ਤਾਂ ਆਈ.ਪੀ ਦੇ ਭੌਤਿਕ ਕਬਜ਼ੇ ਨੂੰ ਡਿਲਵਰ ਕਰਨ ਦੀ ਬੈਂਕ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਬੈਂਕ ਵਲੋਂ ਵਿਕਰੀ ਤੋਂ ਬਾਅਦ ਆਈ.ਪੀ ਦਾ ਸਿਰਫ਼ ਸਿੰਬੋਲਿਕ ਕਬਜ਼ਾ ਦਿੱਤਾ ਜਾਵੇਗਾ। (4) ਇਹ ਪ੍ਰਸਤਾਵਿਤ ਬੋਲੀਦਾਤਾ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਈ-ਨਿਲਾਮੀ ਦੀਆਂ ਸ਼ਰਤਾਂ ਅਤੇ ਪ੍ਰਤੀਬੰਧਾਂ, ਵਿਕਰੀ ਨੋਟਿਸ ਅਤੇ ਈ-ਨਿਲਾਮੀ ਦੇ ਆਪ੍ਰੇਸ਼ਨਲ ਪਾਰਟ 'ਤੇ ਹੈਲਪ ਮੈਨੂਅਲ ਨੂੰ ਚੰਗੀ ਤਰ੍ਹਾਂ ਪੜ੍ਹਨ ਅਤੇ ਉਨ੍ਹਾਂ ਦੀ ਪਾਲਣਾ ਕਰਨ। (5) ਬੋਲੀਦਾਤਾ ਉਚਿਤ ਇੰਟਰਨੈਟ ਕੁਨੈਕਟੀਵਿਟੀ, ਪਾਵਰ ਬੈਕਅਪ ਆਦਿ ਨੂੰ ਯਕੀਨੀ ਬਣਾਉਣ। ਬੈਂਕ ਈ-ਨਿਲਾਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਵੀ ਇੰਟਰਨੈਟ ਫੇਲਿਓਰ, ਪਾਵਰ ਫੇਲਿਓਰ ਜਾਂ ਤਕਨੀਕੀ ਕਾਰਨ ਜਾਂ ਕਾਰਨਾਂ/ਇਤਫਾਕੀਆ ਕਾਰਨਾਂ ਕਰਕੇ ਕਿਸੇ ਵੀ ਅੜਚਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (6) ਚਾਹਵਾਨ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈਮੇਲ ਆਈਡੀ ਤੇ ਮੋਬਾਈਲ ਨੰਬਰ ਦੀ ਵਰਤੋਂ ਕਰਦੇ ਹੋਏ ਪੋਰਟਲ (https://baanknet.com) 'ਤੇ ਖੁਦ ਨੂੰ ਰਜਿਸਟਰਡ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਲੋੜੀਂਦੇ ਕੇ.ਵਾਈ.ਸੀ. ਦਸਤਾਵੇਜ਼ਾਂ ਨੂੰ ਅਪਲੋਡ ਕਰ ਦੇਣ। ਇਕ ਵਾਰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵੱਲੋਂ ਕੇ.ਵਾਈ.ਸੀ. ਦਸਤਾਵੇਜ਼ਾਂ ਦੀ ਪੜਤਾਲ ਹੋ ਜਾਣ 'ਤੇ (ਦੋ ਕਾਰਜ ਦਿਵਸ ਹੋ ਸਕਦੇ ਹਨ) ਚਾਹਵਾਨ ਬੋਲੀਕਾਰ ਖਰੀਦਦਾਰ ਵੱਲੋਂ ਪੋਰਟਲ 'ਤੇ ਈ-ਨਿਲਾਮੀ ਦੀ ਮਿਤੀ ਤੇ ਸਮੇਂ ਤੋਂ ਪਹਿਲਾਂ ਆਪਣੇ ਗਲੋਬਲ ਈ.ਐਮ.ਡੀ. ਵਾਲੇਟ ਵਿਚ ਆਨਲਾਈਨ ਵਿਧੀ ਦੀ ਵਰਤੋਂ ਕਰਦੇ ਹੋਏ ਬਿਆਨਾ ਰਕਮ ਨੂੰ ਟਰਾਂਸਫਰ ਕੀਤਾ ਜਾਵੇ। ਰਜਿਸਟਰੇਸ਼ਨ, ਕੇਵਾਈਸੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਵਾਲੇਟ ਵਿਚ ਬਿਆਨਾ ਰਕਮ ਦੀ ਟਰਾਂਸਫਰ ਦਾ ਕੰਮ ਨਿਲਾਮੀ ਤੋਂ ਪਹਿਲਾਂ ਐਡਵਾਂਸ ਰੂਪ ਵਿਚ ਮੁਕੰਮਲ ਕਰ ਲਿਆ ਜਾਵੇ। (7) ਸਫਲ ਬੋਲੀਕਾਰ ਨੂੰ ਜਮ੍ਹਾਂ ਕਰਵਾਈ ਗਈ ਬਿਆਨਾ ਰਕਮ ਨੂੰ ਘਟਾ ਕਰਕੇ 25% ਬੋਲੀ ਰਕਮ ਉਸੇ ਦਿਨ ਜਾਂ ਅਗਲੇ ਕਾਰਜ ਦਿਵਸ ਤੱਕ ਅਤੇ ਬਾਕੀ ਰਹਿੰਦੀ ਰਕਮ ਨਿਲਾਮੀ ਮਿਤੀ ਤੋਂ 15 ਦਿਨਾਂ ਅੰਦਰ ਜਮ੍ਹਾਂ ਕਰਵਾਉਣੀ ਪਵੇਗੀ। (8) ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਤੇ ਪ੍ਰਤੀਬੰਧਾਂ ਲਈ ਕਿਰਪਾ ਕਰਕੇ ਹਵਾਲਾ ਲਵੋ- **https://baanknet.com ਅਤੇ www.pnbindia.in** ਜਾਂ ਸਾਡੇ ਦਫਤਰ ਨਾਲ ਸੰਪਰਕ ਕਰੋ- ਏਆਰਐਮਬੀ, ਚੰਡੀਗੜ੍ਹ, ਅਧਿਕਾਰਤ ਦਫਤਰ, ਈਮੇਲ ਆਈਡੀ: **cs8214@pnb.bank.in.**

ਸਰਫੇਸੀ ਐਕਟ ਦੇ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼ 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6)/9(1) ਅਧੀਨ 15/30 ਦਿਨਾਂ ਦੀ ਵਿਧਾਨਕ ਵਿਕਰੀ ਸੂਚਨਾ।

ਮਿਤੀ: 08.10.2026
ਸਥਾਨ: ਚੰਡੀਗੜ੍ਹ

ਅਧਿਕਾਰਤ ਅਫਸਰ,
ਪੰਜਾਬ ਨੈਸ਼ਨਲ ਬੈਂਕ, ਏਆਰਐਮਬੀ, ਚੰਡੀਗੜ੍ਹ